ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2635 5 November, 2026 Thursday www.sanjhisoch.com ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ +1 (209) 303-1260

ਪਰਵਿੰਦਰ ਸਿੰਘ ਝੋਟਾ ਸੰਘਰਸ਼: 5 ਘੰਟੇ ਦੀ ਮੀਟਿੰਗ ਮਗਰੋਂ ਸਰਕਾਰ ਤੇ ਐਕਸ਼ਨ ਕਮੇਟੀ ਵਿਚਾਲੇ ਸਹਿਮਤੀ

ਮਾਨਸਾ
ਸਾਂਝੀ ਸੋਚ ਬਿਊਰੋ

ਪਰਵਿੰਦਰ ਸਿੰਘ ਝੋਟਾ ਨੂੰ ਇਨਸਾਫ਼ ਦਿਵਾਉਣ ਲਈ ਚੱਲ ਰਿਹਾ ਸੰਘਰਸ਼ 23ਵੇਂ ਦਿਨ ਅਹਿਮ ਮੋੜ 'ਤੇ ਪਹੁੰਚ ਗਿਆ ਹੈ। ਪੰਜਾਬ ਸਰਕਾਰ ਦੇ ਨੁਮਾਇੰਦਿਆਂ ਅਤੇ ਐਕਸ਼ਨ ਕਮੇਟੀ ਵਿਚਾਲੇ ਕਰੀਬ 5 ਘੰਟੇ ਤੱਕ ਚੱਲੀ ਮੀਟਿੰਗ ਦੌਰਾਨ ਲੱਖਾ ਸਿਧਾਣਾ ਸਮੇਤ ਜੇਲ੍ਹਾਂ ਵਿੱਚ ਬੰਦ ਹੋਰ ਆਗੂਆਂ ਦੀ ਰਿਹਾਈ ਅਤੇ ਕਈ ਹੋਰ ਮੰਗਾਂ 'ਤੇ ਸਹਿਮਤੀ ਬਣ ਗਈ ਹੈ। ਇਸ ਤੋਂ ਬਾਅਦ 5 ਨਵੰਬਰ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਦਾ ਐਕਸ਼ਨ ਮੁਲਤਵੀ ਕਰ ਦਿੱਤਾ ਗਿਆ ਹੈ।

ਇਹ ਮੀਟਿੰਗ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਪੁਲੀਸ ਦੇ ਉੱਚ ਅਧਿਕਾਰੀਆਂ ਨਾਲ ਹੋਈ। ਫੈਸਲਾ ਕੀਤਾ ਗਿਆ ਕਿ ਗ੍ਰਿਫ਼ਤਾਰ ਆਗੂਆਂ ਦੀ ਰਿਹਾਈ ਤੋਂ ਬਾਅਦ ਪਰਵਿੰਦਰ ਸਿੰਘ ਝੋਟਾ ਦਾ ਪੋਸਟਮਾਰਟਮ ਕਰਵਾਇਆ ਜਾਵੇਗਾ ਅਤੇ ਫਿਰ ਅੰਤਿਮ ਸੰਸਕਾਰ ਕੀਤਾ ਜਾਵੇਗਾ। ਐਕਸ਼ਨ ਕਮੇਟੀ ਦੇ ਮੀਡੀਆ ਇੰਚਾਰਜ ਹਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਮੀਟਿੰਗ ਦੌਰਾਨ ਲੱਖਾ ਸਿਧਾਣਾ ਅਤੇ ਜੇਲ੍ਹਾਂ ਵਿੱਚ ਬੰਦ ਹੋਰ ਆਗੂਆਂ ਦੀ ਰਿਹਾਈ ਦਾ ਮੁੱਦਾ ਕਾਫ਼ੀ ਦੇਰ ਤੱਕ ਅਟਕਿਆ ਰਿਹਾ। ਕਮੇਟੀ ਦੀ ਸਪੱਸ਼ਟ ਮੰਗ ਸੀ ਕਿ ਆਗੂਆਂ ਦੀ ਬਿਨਾਂ ਸ਼ਰਤ ਰਿਹਾਈ ਅਤੇ ਉਨ੍ਹਾਂ ਖ਼ਿਲਾਫ਼ ਦਰਜ ਪਰਚੇ ਰੱਦ ਕੀਤੇ ਬਿਨਾਂ ਪੋਸਟਮਾਰਟਮ ਅਤੇ ਅੰਤਿਮ ਸੰਸਕਾਰ ਦੀ ਪ੍ਰਕਿਰਿਆ ਅੱਗੇ ਨਹੀਂ ਵਧਾਈ ਜਾਵੇਗੀ। ਉਨ੍ਹਾਂ ਅਨੁਸਾਰ, ਹੋਰ ਮੰਗਾਂ 'ਤੇ ਸਹਿਮਤੀ ਬਣਨ ਤੋਂ ਬਾਅਦ ਆਗੂਆਂ ਦੀ ਰਿਹਾਈ ਸਬੰਧੀ ਵੀ ਸਹਿਮਤੀ ਬਣ ਗਈ। ਮੀਟਿੰਗ ਦੌਰਾਨ ਖਿਆਲਾ ਕਲਾਂ ਵਿਖੇ ਪਰਵਿੰਦਰ ਸਿੰਘ ਝੋਟਾ ਦੇ ਨਾਮ 'ਤੇ ਟਰੌਮਾ ਸੈਂਟਰ ਬਣਾਉਣ ਦੀ ਮੰਗ ਵੀ ਮੰਨ ਲਈ ਗਈ ਹੈ। ਇਸ ਸਬੰਧੀ ਇੱਕ ਹਫ਼ਤੇ ਦੇ ਅੰਦਰ ਮਨਜ਼ੂਰੀ ਦੇਣ 'ਤੇ ਸਹਿਮਤੀ ਬਣੀ ਹੈ। ਇਸ ਤੋਂ ਇਲਾਵਾ ਝੋਟਾ ਦੇ ਮਾਮਲੇ ਨਾਲ ਸਬੰਧਤ ਪੁਲੀਸ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਵਿਰੁੱਧ ਸਮਾਂਬੱਧ ਉੱਚ ਪੱਧਰੀ ਜਾਂਚ ਕਰਵਾਉਣ ਦਾ ਭਰੋਸਾ ਦਿੱਤਾ ਗਿਆ ਹੈ। ਸਰਕਾਰ ਵੱਲੋਂ ਝੋਟਾ ਦੇ ਪਰਿਵਾਰ ਨੂੰ ਸਰਕਾਰੀ ਨੌਕਰੀ ਅਤੇ ਮੁਆਵਜ਼ਾ ਦੇਣ ਦਾ ਭਰੋਸਾ ਵੀ ਦਿੱਤਾ ਗਿਆ। ਪਰਿਵਾਰ ਮੁਤਾਬਕ ਪਰਵਿੰਦਰ ਸਿੰਘ ਝੋਟਾ ਦੀ ਯਾਦ ਵਿੱਚ ਬੁੱਤ ਲਗਾਉਣ 'ਤੇ ਵੀ ਸਹਿਮਤੀ ਬਣ ਗਈ ਹੈ। ਹਾਲਾਂਕਿ ਘਟਨਾ ਵਾਲੀ ਥਾਂ 'ਤੇ ਹੀ ਬੁੱਤ ਲਗਾਉਣ ਦੀ ਮੰਗ 'ਤੇ ਸਹਿਮਤੀ ਨਹੀਂ ਬਣ ਸਕੀ।

ਸਰਕਾਰ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਘਟਨਾ ਵਾਲੀ ਥਾਂ ਨਿੱਜੀ ਜਾਇਦਾਦ ਹੋਣ ਕਾਰਨ ਉੱਥੇ ਬੁੱਤ ਸਥਾਪਤ ਕਰਨ ਵਿੱਚ ਕਾਨੂੰਨੀ ਅੜਚਣ ਆ ਸਕਦੀ ਹੈ। ਮੀਟਿੰਗ ਦੌਰਾਨ ਦਲਜੀਤ ਸਿੰਘ ਭੰਮੇ ਦੇ ਪਰਿਵਾਰ ਦਾ ਮਾਮਲਾ ਵੀ ਉਠਾਇਆ ਗਿਆ। ਐਕਸ਼ਨ ਕਮੇਟੀ ਦੀਆਂ ਮੰਗਾਂ 'ਤੇ ਸਰਕਾਰ ਵੱਲੋਂ ਭੰਮੇ ਦੇ ਪਰਿਵਾਰ ਨੂੰ ਨੌਕਰੀ ਅਤੇ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ ਗਿਆ ਹੈ। ਐਕਸ਼ਨ ਕਮੇਟੀ ਵੱਲੋਂ 13 ਅਕਤੂਬਰ ਤੋਂ ਸ਼ੁਰੂ ਹੋਏ ਸੰਘਰਸ਼ ਦੌਰਾਨ ਭੰਮੇ ਕਲਾਂ, ਬੁਢਲਾਡਾ ਅਤੇ ਅਕਲੀਆ ਨਾਲ ਸਬੰਧਤ ਦਰਜ ਪਰਚੇ ਰੱਦ ਕਰਨ ਦੀ ਮੰਗ ਰੱਖੀ ਗਈ। ਇਸ ਤੋਂ ਇਲਾਵਾ ਪੰਜਾਬ ਭਰ ਵਿੱਚ ਫਲੈਕਸ ਪਾੜਨ ਦੇ ਮਾਮਲਿਆਂ ਵਿੱਚ ਦਰਜ ਪਰਚੇ ਅਤੇ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਤੇ ਐਂਟੀ ਡਰੱਗ ਟਾਸਕ ਫੋਰਸ ਦੇ ਕਾਰਕੁਨਾਂ ਖ਼ਿਲਾਫ਼ ਪਹਿਲਾਂ ਤੋਂ ਦਰਜ ਕਥਿਤ ਝੂਠੇ ਪਰਚੇ ਰੱਦ ਕਰਨ ਦੀ ਮੰਗ ਵੀ ਸ਼ਾਮਲ ਸੀ। ਮੀਟਿੰਗ ਤੋਂ ਬਾਅਦ 5 ਨਵੰਬਰ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ ਹੈ। ਹੁਣ ਸਾਰਿਆਂ ਦੀ ਨਜ਼ਰ ਸਰਕਾਰ ਵੱਲੋਂ ਕੀਤੇ ਗਏ ਭਰੋਸਿਆਂ ਨੂੰ ਅਮਲੀ ਰੂਪ ਦੇਣ ਅਤੇ ਗ੍ਰਿਫ਼ਤਾਰ ਆਗੂਆਂ ਦੀ ਰਿਹਾਈ 'ਤੇ ਟਿਕੀ ਹੋਈ ਹੈ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor® CalDRE # 02115235
ਤੁਸੀਂ ਆਪਣੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
• ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
• ਪਹਿਲਾਂ ਨਾਲੋਂ ਬਾਧੇ ਵਿੱਤੀ ਮਦਦ ਮਿਲੀ ਹੈ।
• ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
• ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।
ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਰੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Anthem
Certified Insurance Agent
Inderjeet Singh Mann
CA Lic# 0H82488
Ph.: (916) 900-2000

Certified INSURANCE AGENT
Free Confidential Help
Call : Gurcharan Singh Mann
Medicare
Licensed Insurance Agent
CA Lic # 0C70672
CALL TO ENROL
510-557-0061

Space available for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

JRP REALTY GROUP

A TRADITION OF REAL ESTATE EXCELLENCE

SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS



Jaswant S.Pannu
Office: 209-900-1994
Cell: 408-340-0157
jaswantpannu@yahoo.com



Raman Singh
Cell: 209-605-6500
Office: 209-213-5811
BRE #10889002

We do commercial loans for businesses, gas stations, lands and commercial properties

We provide the best in class evaluation for your real estate/business to maximize the profits for you



For more properties or business, contact us.



LOVEPREET KAUR
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

LENDINGASSETS
Elevating Your Mortgage Experience

Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

Refinance @2.75% APR or lower



Apply online at www.lendingassets.com and check out the live lowest rates on our website

ONLY WAY TO GROW YOUR BUSINESS FASTER

BNG

(Business Network Gateway)

We work for you to

Boost Your Business

VIDEO ADVERTISEMENTS

We make professional video advertisements for your business in Punjabi, Hindi & English



POSTERS DESIGN

We design flyers, Posters and
Post Cards to promote your business



BUSINESS CARD DESIGN

WE DESIGN YOUR
BUSINESS CARD



SOCIAL MEDIA HANDLERS

We can manage your Business social media handlers Facebook, instagram & YouTube



24/7 TECH SUPPORT

We provide 24/7 tech support



For more information call

Boota Singh Basi +1 (209) 303-1260

ਸਾਂਝੀ ਸੋਚ

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

ਮਹਾਨ ਰੂਸੀ ਇਨਕਲਾਬ ਦੇ ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਕੇ ਰੱਖ ਦਿੱਤੀ



ਜਗਦੀਸ਼ ਸਿੰਘ ਚੋਹਕਾ
ਕੈਲਗਰੀ (ਕੈਨੇਡਾ)
91-92179-97445
001-403-285-4208
jagdishchohka@gmail.com

ਦੁਨੀਆਂ ਦਾ ਪਹਿਲਾ ਮਹਾਨ ਪ੍ਰੋਲਤਾਰੀ ਇਨਕਲਾਬ, 'ਜਿਸ ਨੇ ਪਹਿਲੀ ਵਾਰੀ ਅਮਲ, ਵਿਚਾਰਧਾਰਕ ਅਤੇ ਕਿਰਤੀ ਜਮਾਤ ਦੀ ਰੂਸ ਵਿੱਚ ਰਾਜਸਤਾ 'ਤੇ ਸਥਾਪਤੀ ਕਾਇਮ ਕਰਕੇ ਮਨੁੱਖ ਜਾਤੀ ਦੇ ਇਤਿਹਾਸ ਵਿੱਚ ਇਕ ਨਵੇਂ ਯੁੱਗ ਦਾ ਮੁੱਢ ਬੰਨ੍ਹਿਆ ਸੀ !''ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿਤੀ,' ਸਬੰਧੀ ਸਸਾਰ ਜਨ-ਸਮੂਹ ਨੂੰ ਰੂਸ ਵਿੱਚ ਜੇਤੂ ਮਹਾਨ ਸੋਸ਼ਲਿਸਟ ਇਨਕਲਾਬ ਜੋ ਕਿ ਆਵਾਮ ਦੀ ਇਤਿਹਾਸਕ ਰਚਨਾਤਮਕ ਸਰਗਰਮੀ ਸੀ। ਜਿਹੜਾ ਵੀ.ਆਈ. ਲੇਨਿਨ ਦੇ ਵਿਚਾਰਾਂ ਤੋਂ ਜੋ 'ਬਾਲਸ਼ਵਿਕ ਪਾਰਟੀ' ਦੇ ਕਾਜ ਤੋਂ ਉਤੇਸਤ ਹੋਇਆ ਤੇ ਸਫਲਤਾ ਪ੍ਰਾਪਤ ਕੀਤੀ ਸੀ। ਰੂਸੀ ਮਹਾਨ ਸੋਸ਼ਲਿਸਟ ਇਨਕਲਾਬ ਜੋ 1917 ਵਿੱਚ ਹੋਇਆ ਸੀ, ਪਰ ਨਵੇਂ ਕਲੰਡਰ ਅਨੁਸਾਰ ਇਹ ਦਿਨ 7-ਨਵੰਬਰ, 1917 ਸੀ ਜੋ ਹੁਣ ਇਤਿਹਾਸਕ ਤੌਰ 'ਤੇ 7-ਨਵੰਬਰ 1917 ਨਾਂ ਨਾਲ ਜਾਣਿਆ ਜਾਂਦਾ ਹੈ। ਦੁਨੀਆਂ ਦਾ ਬੁੱਢਾ ਹੋਇਆ ਪੂੰਜੀਵਾਦ ਜੋ ਨਵੇਂ-ਨਵੇਂ ਰੂਪ ਤੇ ਸਾਮਰਾਜੀ ਸ਼ਕਲਾਂ ਅਧੀਨ ਸਮਾਜਵਾਦ ਦੇ ਨਾਂ ਤੋਂ ਅੱਜ ਤਕ ਥਰਥਰ ਕੰਬਦਾ ਸੀ। ਪਰ 1991 ਦੌਰਾਨ ਸੋਵੀਅਤ ਰੂਸ ਦੇ ਢੈਅ-ਢੇਰੀ ਹੋਣ ਬਾਅਦ ਮੁੜ ਸੰਸਾਰ ਦੇ ਮੁਲਕਾਂ 'ਤੇ ਧੌਂਸ ਜਮਾ ਰਿਹਾ ਹੈ।

ਅੱਜ ਤੋਂ 119 ਸਾਲ ਪਹਿਲਾਂ, ਦੁਨੀਆਂ ਅੰਦਰ 7-ਨਵੰਬਰ 1917 ਨੂੰ ਰੂਸ ਅੰਦਰ ਮਹਾਨ ਸੋਸ਼ਲਿਸਟ ਅਕਤੂਬਰ ਇਨਕਲਾਬ ਨੇ, 'ਨਾ ਬਰਾਬਰੀ ਵਾਲੀਆਂ ਸਦੀਵੀ ਪੁਰਾਣੀਆਂ ਮਿੱਥਾਂ ਚੁਕਨਾ ਚੂਰ ਕਰਦੇ ਹੋਏ, ਮਨੁੱਖੀ ਸਮਾਜ ਅੰਦਰ ਇਕ ਸਮਾਜਕ-ਬਰਾਬਰੀ ਦਾ ਰਾਹ ਖੋਲ ਕੇ ਇਕ ਨਵੇਂ ਕਿਰਤੀ ਜਮਾਤ ਦੇ ਹੱਕੀ ਤੇ ਅਮਲੇ ਰੂਪ ਨੂੰ ਜਨਮ ਦਿੱਤਾ ਸੀ।ਦੁਨੀਆਂ ਅੰਦਰ ਭਾਵੇਂ ਬਹੁਤ ਸਾਰੀਆਂ ਅਚੇਤ ਸਮਾਜਿਕ ਤਬਦੀਲੀਆਂ ਹੁੰਦੀਆ ਰਹੀਆਂ। ਪਰ ਸੁਚੇਤ ਤੌਰ 'ਤੇ ਦੁਨੀਆਂ ਅੰਦਰ ਪੈਦਾਵਰੀ ਸਾਧਨਾਂ (ਮਾਲਕੀ) ਦੀ ਨਿਜੀ ਮਾਲਕੀ ਵਾਲੀ ਧੌਂਸ-ਭਰੀ ਰਾਜਸਤਾ ਨੂੰ ਖਤਮ ਕਰਕੇ, ਮਨੁੱਖ ਹੱਥੋਂ ਮਨੁੱਖ ਰਾਹੀਂ ਕਿਰਤ ਦੀ ਹੁੰਦੀ ਲੁੱਟ-ਖਸੁੱਟ (ਸੋਸ਼ਣ) ਵਾਲੇ ਰਾਜ ਪ੍ਰਬੰਧ ਦੀ ਥਾਂ, ''ਕਿਰਤੀ-ਜਮਾਤ ਨੂੰ ਹਕੀਕੀ ਮਾਲਕੀ ਦਾ ਬੁਨਿਆਦੀ ਅਧਿਕਾਰ 1917 ਦੇ ਇਨਕਲਾਬ ਰਾਹੀਂ ਪਹਿਲੀ ਵਾਰ ਸੋਵੀਅਤ ਰੂਸ ਅੰਦਰ ਹੀ ਪ੍ਰਾਪਤ ਹੋਇਆ ਸੀ।

ਇਹ ਜੱਥੇਬੰਦਕ ਇਨਕਲਾਬ ਸੁਚੇਤ ਢੰਗ ਨਾਲ ਕਮਿਊਨਿਸਟ ਪਾਰਟੀ ਦੀ ਅਗਵਾਈ ਅੰਦਰ ਸਫ਼ਲ ਹੋਇਆ। ਇਹ ਸਮਾਜਕ ਤਬਦੀਲੀ, 'ਜਿਸ ਨੇ ਅਮਲ ਵਿੱਚ ਪਹਿਲੀ ਵਾਰ ਰੂਸ ਅੰਦਰ ਕਿਰਤੀ ਜਮਾਤ ਦੇ ਹੱਥ ਰਾਜ ਸਤਾ ਸੌਂਪ ਕੇ ਇਕ ਸਿਫ਼ਤੀ ਤਬਦੀਲੀ ਨੂੰ ਜਨਮ ਦਿੱਤਾ' ਪੂੰਜੀਵਾਦੀ ਲੁੱਟ-ਖਸੁੱਟ ਤੇ ਨਾ-ਬਰਾਬਰੀ ਦੀ ਮਾਲਕੀ ਵਾਲੀਆਂ ਸਾਰੀਆਂ ਧਿਰਾਂ ਨੂੰ ਲਲਕਾਰ ਕੇ ਕਿਰਤੀ-ਕਿਸਾਨਾਂ, ਇਸਤਰੀਆਂ, ਨੌਜਵਾਨਾਂ ਅਤੇ ਗੁਲਾਮ ਦੇਸ਼ਾਂ ਅੰਦਰ ਲੁੱਟ-ਚੋਂਘ ਵਾਲੀ ਮਾਨਸਿਕਤਾ ਨੂੰ ਖਤਮ ਕਰਕੇ 'ਕਾਰਲ-ਮਾਰਕਸ' ਦੇ ਲੁੱਟ-ਰਹਿਤ ਸਮਾਜ ਦੇ ਫਲਸਫੇ ਨੂੰ ਅਮਰ ਬਣਾਇਆ।

ਮਹਾਨ ਅਕਤੂਬਰ ਰੂਸੀ ਇਨਕਲਾਬ ਅੱਜ ਵੀ ਦੁਨੀਆਂ ਭਰ ਦੇ ਕਿਰਤੀਆਂ ਲਈ ਇਹ ਇਕ ਚਾਨਣ ਮੁਨਾਰਾ ਹੈ। ਇਸ ਇਤਿਹਾਸਕ ਘਟਨਾ ਨੇ ਹੀ ਦੁਨੀਆਂ ਦੇ ਬਸਤੀਵਾਦੀ ਗੁਲਾਮ ਦੇਸ਼ਾਂ (ਭਾਰਤ ਆਦਿ, ਲਤਾੜੀਆਂ ਕੌਮਾਂ ਅਤੇ ਹੱਕਾਂ) ਲਈ ਸੰਘਰਸ਼ ਕਰਦੇ ਲੋਕਾਂ ਨੂੰ ਪ੍ਰੇਰਿਆ ਹੀ ਨਹੀਂ, ਸਗੋਂ ਪੂਰਨ ਅਗਵਾਨੀ ਕੀਤੀ। ਇਸ ਇਤਿਹਾਸਕ ਘਟਨਾ ਦਾ ਸਦਕਾ ਹੀ ਏਸ਼ੀਆ, ਅਫਰੀਕਾ, ਲਾਤੀਨੀ-ਅਮਰੀਕਾ ਮਹਾਂਦੀਪਾਂ ਦੇ ਲੋਕਾਂ ਅਤੇ ਕੌਮਾਂ ਨੇ ਗੁਲਾਮੀ ਵਿਰੁਧ ਮੁਕਤੀ ਅੰਦੋਲਨ ਵਿੱਢ ਕੇ ਬਸਤੀਵਾਦੀ ਸਾਮਰਾਜੀਆਂ ਤੋਂ ਆਜ਼ਾਦੀਆਂ ਪ੍ਰਾਪਤ ਕੀਤੀਆਂ। ਕੌਮਾਂ, ਕਿਰਤੀ ਵਰਗ, ਕਿਸਾਨਾਂ, ਇਸਤਰੀਆਂ ਤੇ ਲੋਕਾਂ ਨੇ ਹੱਕਾਂ ਲਈ ਵਿੱਢੇ ਸੰਘਰਸ਼ਾਂ ਰਾਹੀਂ ਮੁਕਤੀ, ਰਾਹਤਾਂ, ਸਮਾਜਕ-ਸੁਰੱਖਿਆ, ਆਰਥਿਕ ਪ੍ਰਾਪਤੀਆਂ ਅਤੇ ਲੋਕ ਪੱਖੀ ਕਨੂੰਨ ਕਾਇਦੇ ਬਣਾਉਣ ਲਈ ਜਿੱਤਾਂ ਪ੍ਰਾਪਤ ਕੀਤੀਆਂ, ਸਭ ਇਕ ਅਕਤੂਬਰ ਇਨਕਲਾਬ ਦੇ ਪ੍ਰਭਾਵ ਅਤੇ ਦਬਾਅ ਦਾ ਹੀ ਸਿੱਟਾ ਹੈ। ਸੋਵੀਅਤ ਯੂਨੀਅਨ ਦੀ ਸਥਾਪਨਾ 1917 ਤੋਂ 1991 ਤੱਕ ਦੇ ਲੰਬੇ ਅਰਸੇ ਦੌਰਾਨ ਕਿਰਤੀ ਜਮਾਤ ਦੀ ਅਗਵਾਈ ਵਿੱਚ ਬੀਤੇ ਅਤੇ ਮੌਜੂਦਾ ਸਮੇਂ ਦੌਰਾਨ ਕਿਰਤੀਆਂ ਨੂੰ ਸਮਾਜਕ, ਆਰਥਿਕ, ਰਾਜਨੀਤਕ ਅਤੇ ਸਮਾਜਮ ਨਿਆਂ ਦੇ ਖੇਤਰ ਅੰਦਰ ਬਹੁਤ ਪ੍ਰਾਪਤੀਆਂ ਹੋਈਆਂ !

ਸਮਾਜਵਾਦੀ ਵਿਚਾਰਾਂ ਅਤੇ ਅਮਲਾ ਦੇ ਇਸ ਬੋਲਬਾਲੇ ਨੇ ਦੁਨੀਆਂ ਭਰ 'ਚ ਕਿਰਤੀਆਂ ਨੂੰ ਆਪਣੇ ਬੁਨਿਆਦੀ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਲਈ ਜਾਗਰੂਕ ਕੀਤਾ। ਜੋ ਕੁਝ ਅੱਜ ਦੁਨੀਆ ਅੰਦਰ ਕਿਰਤੀ ਜਮਾਤ ਨੇ ਪ੍ਰਾਪਤ ਕੀਤਾ ਹੈ ਅਤੇ ਹੋਇਆ ਹੈ, ਇਸ ਪਿਛੇ ਮਹਾਨ ਅਕਤੂਬਰ ਇਨਕਲਾਬ ਦੇ ਪ੍ਰਭਾਵ ਅਧੀਨ ਪ੍ਰਾਪਤ ਹੋਏ ਪਦਾਰਥਕ ਲਾਭ ਅਤੇ ਮਨੁੱਖਤਾ 'ਚ ਉਪਜੀ ਹਾਂ ਪੱਖੀ ਮਾਨਸਿਕਤਾ ਤੇ ਬੌਧਿਕ ਜਾਗਰੂਕਤਾ ਕਾਰਨ ਹੀ ਹੈ। ਇਤਿਹਾਸਕ ਸਮਾਜਵਾਦੀ-ਲੋਕ ਚੀਨ, ਉਤਰੀ ਕੋਰੀਆ, ਕਿਊਬਾ, ਵੀਤਨਾਮ, ਲਾਊਸ, ਕੰਬੋਡੀਆ ਦੇਸ਼ਾਂ ਅੰਦਰ ਕਿਰਤੀ ਜਮਾਤ ਦੀ ਜਿੱਤ ਅਤੇ ਬਹੁਤ ਸਾਰੇ ਏਸ਼ੀਆ ਅਫਰੀਕੀ ਤੇ ਲਾਤੀਨੀ-ਅਮਰੀਕੀ ਦੇਸ਼ਾਂ ਅੰਦਰ ਜਮਹੂਰੀ ਸੋਚ ਦੀ ਮਜ਼ਬੂਤੀ ਹੋਣ ਨਾਲ ਹੀ ਲੋਕਾਂ ਦੇ ਮੁਕਤੀ ਲਈ ਰਾਹ ਖੁਲ੍ਹਣ ਲਈ ਮਹਾਨ ਅਕਤੂਬਰ ਇਨਕਲਾਬ ਦੇ ਪ੍ਰਭਾਵ ਦਾ ਬਹੁਤ ਵੱਡਾ ਰੋਲ ਹੈ।

ਅੱਜ ਭਾਵੇਂ ਬਸਤੀਵਾਦੀ ਪੜਾਅ ਦੁਨੀਆ ਵਿੱਚੋਂ ਖਤਮ ਹੋ ਚੁੱਕਾ ਹੈ, ਪਰ ਉਸ ਦਾ ਕਾਲਾ ਪਰਛਾਵਾਂ ਨਵ-ਉਦਾਰਵਾਦੀ ਦੇ ਰੂਪ ਵਿੱਚ ਅੱਜੇ ਵੀ ਸਿਸਕੀਆਂ ਭਰ ਰਿਹਾ ਹੈ। ਦੁਨੀਆਂ ਦੇ ਮਹਾਨ ਸਮਾਜਕ-ਵਿਗਿਆਨੀ 'ਕਾਰਲ-ਮਾਰਕਸ ਅਤੇ ਫਰੈਂਡਰਿਕ ਏਂਗਲਜ਼ ਵਲੋਂ ਸਭ ਤੋਂ ਪਹਿਲਾ ਮਨੁੱਖੀ ਕਿਰਤ ਰਾਹੀਂ ਉਸਰੇ ਮਨੁੱਖੀ ਸਮਾਜ ਦੇ ਵਿਕਾਸ ਅਤੇ ਆਰਥਿਕ ਰਿਸ਼ਤਿਆਂ ਸਬੰਧੀ ਵਿਗਿਆਨਕ ਦ੍ਰਿਸ਼ਟੀਕੋਣ ਪੇਸ਼ ਕਰਕੇ ਇਹ ਸਾਬਤ ਕਰ ਦਿੱਤਾ ਕਿ ਕਿਰਤੀ ਵਲੋਂ ਪੈਦਾ ਕੀਤੀ ਵਾਧੂ ਪੈਦਾਵਾਰ ਦਾ ਅਸਲੀ ਮਾਲਕ ਕਿਰਤੀ ਹੈ ਨਾ ਕੇ ਮਾਲਕ ਭਾਗੋ ਹੈ।

ਇਹ ਦੱਸਣ ਵਿੱਚ ਕੋਈ ਵੀ ਸੰਕੋਚ ਨਹੀਂ ਕਿ ਸੋਵੀਅਤ ਰੂਸ ਅਤੇ ਪੂਰਬੀ ਯੂਰਪ ਦੇ ਦੇਸ਼ਾਂ ਅੰਦਰ 1991 ਨੂੰ ਸਮਾਜਵਾਦੀ ਢਾਂਚੇ ਨੂੰ ਵੱਜੀਆਂ ਪਿਛਾੜਾਂ, ਸਮਾਜਵਾਦੀ ਵਿਚਾਰਧਾਰਾ ਤੇ ਅਮਲਾਂ ਨੂੰ ਭਾਰੀ ਚੋਟਾਂ ਲੱਗੀਆਂ ਅਤੇ ਠੇਸਾਂ ਵੀ ਪੁੱਜੀਆਂ ਹਨ। ਪਰ ਅੱਜ ਵੀ ਦੁਨੀਆਂ ਦਾ ਪੂੰਜੀਵਾਦੀ ਪ੍ਰਬੰਧ 'ਸਮਾਜਵਾਦ' ਦੇ ਨਾਂ ਤੋਂ ਥਰ ਥਰ ਕੰਬਦਾ ਹੈ ? ਪੂੰਜੀਵਾਦ ਦੇ ਕੂੜ ਪ੍ਰਚਾਰ ਅਤੇ ਗੈਰ-ਵਿਗਿਆਨਕ ਦਲੀਲਾਂ ਦੇ ਹੁੰਦਿਆ ਕਿਵੇਂ ਲੋਕ ਚੀਨ ਦੇ ਅਰਥਚਾਰੇ, ਤਰੱਕੀ ਅਤੇ ਫੌਜੀ ਸ਼ਕਤੀ ਸਾਹਮਣੇ ਸਾਮਰਾਜ ਡਰਦਾ ਹੈ।ਦੁਨੀਆ ਦਾ ਪੂੰਜੀਵਾਦ ਜਿਸ ਦੀ ਉਮਰ ਕਈ ਸਦੀਆਂ ਪੁਰਾਣੀ ਅਤੇ ਦੇਸ਼ਾਂ ਦੇ ਕੁਦਰਤੀ ਸੋਮਿਆਂ ਦੇ ਲੁੱਟ ਦਾ ਇਕ ਲੰਬਾ ਇਤਿਹਾਸ ਹੈ। ਪਰ ਇਸ ਦੇ ਬਾਵਜੂਦ ਸਮਾਜਵਾਦੀ ਰਾਜ ਪ੍ਰਬੰਧ ਜੋ 1917 ਨੂੰ ਹੋਂਦ ਵਿੱਚ ਆਇਆ ਹੈ, ਦੁਨੀਆ ਵਿੱਚ ਇਕ ਨਿਗਰ ਸੋਚ ਵਾਲੀ ਵੱਡੀ ਧਿਰ ਹੈ। ਸਮਾਜਵਾਦੀ ਪ੍ਰਬੰਧ ਅੰਦਰ ਸਾਰੀ ਪੂੰਜੀ ਕੌਮੀ ਬਣ ਜਾਂਦੀ ਹੈ ਜੋ ਲੋਕਾਂ ਦੀ ਭਲਾਈ ਲਈ ਬਰਾਬਰਤਾ-ਅਧਾਰਿਤ ਖਰਚ ਕੀਤੀ ਜਾਂਦੀ ਹੈ। ਪਰ ਇਹ ਪੂੰਜੀਵਾਦੀ ਪ੍ਰਬੰਧ ਅੰਦਰ ਨਹੀਂ ਹੁੰਦਾ 'ਤੇ ਮਨੁੱਖ ਹੱਥੋ ਮਨੁੱਖ ਦੀ ਲੁੱਟ ਹੁੰਦੀ ਰਹਿੰਦੀ ਹੈ ਤੇ ਧਨ ਕੁਝ ਪੂੰਜੀਪਤੀਆਂ ਦੇ ਪ੍ਰਬੰਧ ਹੇਠ ਚਲਾ ਜਾਂਦਾ ਹੈ ਜੋ ਹੋਰ ਅੱਗੇ ਮਨੁੱਖ ਦੀ ਕਿਰਤ ਦੀ ਲੁੱਟ ਜਾਰੀ ਰੱਖਦਾ ਹੈ।

ਪੂੰਜੀਵਾਦੀ ਸਿਸਟਮ ਬੁੱਢਾ ਹੋਣ ਦੇ ਬਾਵਜੂਦ ਆਪਣੀ ਹੋਂਦ ਕਾਇਮ ਰੱਖਣ ਲਈ ਨਵੇਂ ਰੂਪਾਂ ਭਾਵ ਨਵ-ਉਦਾਰੀਵਾਦ, ਨਿੱਜੀਕਰਨ ਅਤੇ ਸੰਸਾਰੀਕਰਨ ਵਾਲੀ ਪ੍ਰਨਾਲੀ ਰਾਹੀ ਸਾਹਮਣੇ ਆਇਆ ਹੈ। ਇਹ ਰੂਪ ਉਸ ਦੇ ਪੁਰਾਣੇ ਕਿਰਦਾਰਾਂ ਦੀ ਇਕ ਲੜੀ ਹੈ। ਇਹ ਸਮਾਜਵਾਦੀ ਸੋਚ, ਪ੍ਰਬੰਛ ਅਤੇ ਪ੍ਰਾਪਤੀਆਂ ਨੂੰ ਖੁੰਡਾਂ ਕਰਨ ਲਈ ਲੋਕ ਰੋਹ ਅਤੇ ਬੇਚੈਨੀ ਤੋਂ ਭੈਅਭੀਤ ਪੂੰਜੀਵਾਦ ਆਧੁਨਿਕ ਢੰਗਾਂ ਮੀਡੀਆ-ਟੀ.ਵੀ., ਸਾਈਬਰ ਅਤੇ ਪ੍ਰਿੰਟ ਮੀਡੀਆ ਰਾਹੀਂ ਅਜਿਹੇ ਦ੍ਰਿਸ਼ ਪੇਸ਼ ਕਰ ਰਿਹਾ ਹੈ, ਜਿਸ ਨਾਲ ਉਸ ਨੇ ਉਪਭੋਗਤਾਵਾਦੀ-ਮੰਡੀ ਜ਼ਰੀਏ ਹੁਦ ਆਪਣੀ ਲੁੱਕਵੀ ਲੁੱਟ ਸ਼ੁਰੂ ਕੀਤੀ ਹੋਈ ਹੈ। ਸਮਾਜਵਾਦੀ ਬਰਕਤਾਂ ਤੇ ਪ੍ਰਾਪਤੀਆਂ ਰਾਹੀਂ ਜੋ ਜਾਗਰਿਤੀ ਪੈਦਾ ਹੋਈ ਹੈ। ਇਸ ਵਿਰੁਧ ਧਰਮ, ਸਦਮਾ, ਅੰਧ-ਵਿਸ਼ਵਾਸ਼, ਦਹਿਸ਼ਤਗਰਦੀ, ਨਸ਼ੇ, ਗੈਂਗਵਾਰ, ਤਸਕਰੀ ਰਾਹੀਂ ਲੋਕਾਂ ਨੂੰ ਘਰੋਗੀ ਜੰਗਾਂ ਵਿੱਚ ਉਲਝਾਉਣ, ਫੈਸ਼ਨ, ਮੀਡੀਆ, ਆਧੁਨਿਕ ਤਹਿਜ਼ੀਬ, 'ਚੱਟ-ਪੱਟਾ ਫੂਡੱ ਅਤੇ ਖੇਤਰੀ ਜੰਗਾਂ ਨੂੰ ਜਨਮ ਦੇ ਕੇ ਪੂੰਜੀਵਾਦ ਆਪਣੀ ਸਰਦਾਰੀ ਕਾਇਮ ਰੱਖ ਰਿਹਾ ਹੈ। ਇਹ ਵੀ ਸਮਝਣਾ ਪਏਗਾ ਕਿ ਪਹਿਲਾ ਮਨੁੱਖ ਮੰਡੀ-ਬਾਜ਼ਾਰ ਨੂੰ ਚਲਾਉਂਦਾ ਸੀ ਸੁਖੀ ਸੀ। ਹੁਣ ਉਜ਼ਰਤੀ-ਗੁਲਾਮੀ ਵਾਲੇ ਬਾਜ਼ਾਰ ਨੇ ਮਨੁੱਖ ਨੂੰ ਚਲਾਉਣਾ ਸ਼ੁਰੂ ਕਰ ਦਿੱਤਾ। ਜੋ ਮਨੁੱਖ ਖੱਪਤਕਾਰ ਬਣਨ ਦੀ ਸਮਰੱਥਾ ਨਹੀਂ ਰੱਖਦਾ, ਉਹ ਮਨੁੱਖ ਮਨੁੱਖ ਬਜ਼ਾਰ ਲਈ ਬੇਕਾਰ ਤੇ ਹਾਸ਼ੀਏ ਤੋਂ ਬਾਹਰ ਸਮਝੋ। ਪੂੰਜੀਵਾਦੀ ਬਾਜ਼ਾਰ ਤੰਤਰ ਨੇ ਖੱਪਤਵਾਦੀ ਸੱਭਿਆਚਾਰ ਨੂੰ ਜਨਮ ਦੇ ਕੇ ਕਿਰਤ ਨੂੰ ਬੇ-ਮੈਇਨੇ ਕਰ ਦਿੱਤਾ ਹੈ।

ਸਮਾਜਵਾਦੀ ਧਿਰਾਂ (ਬਲਾਕ) ਦੇ ਮਮਜ਼ੋਰ ਹੋਣ ਕਰਕੇ ਕੌਮਾਂਤਰੀ ਪੱਧਰ ਤੇ ਸ਼ਕਤੀਆਂ ਦੇ ਸਮਤੁਲਨ ਵਿੱਚ ਬਦਲਾਅ ਆਉਣਾ ਵੀ ਲਾਜ਼ਮੀ ਹੈ। ਦੁਨੀਆਂ ਅੰਦਰ ਜਮਹੂਰੀ ਅਤੇ ਲੋਕ ਸ਼ਕਤੀਆਂ ਜੋ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਸੰਘਰਸ਼ ਕਰਦੀਆਂ ਹਨ, ਕਮਜ਼ੋਰ ਹੋ ਗਈਆਂ। ਦੂਸਰੇ ਪਾਸੇ ਸੰਸਾਰ ਪੂੰਜੀਵਾਦੀ ਧਿਰਾਂ ਨੇ ਆਪਣਾ ਰੂਪ ਕਾਰਪੋਰੇਟੀ ਸਾਮਰਾਜੀ ਵਜੋਂ ਇਕ ਧਰੁਵੀ ਆਰਥਿਕਤਾ ਦੇ ਰੂਪ ਵਿੱਚ ਆਪਣੀ ਲੁੱਟ ਲਈ ਹਮਲਾਵਰੀ ਰੁੱਖ, ਫੌਜੀ ਧੌਂਸ ਅਤੇ ਕੌਮਾਂਤਰੀ ਗੁੰਡਾਗਰਦੀਕਰਨ ਲਈ ਧਾਰ ਲਿਆ ਹੋਇਆ ਹੈ।ਅਮਰੀਕਾ ਜੋ ਇਸ ਧਿਰ ਦਾ ਡੰਡਾ-ਮੈਨ ਹੈ, ਥਾਣੇਦਾਰੀ ਕਰ ਰਿਹਾ ਹੈ ! ਇਹ ਵਰਤਾਰਾ ਸੰਸਾਰ ਅਮਨ ਲਈ ਇਕ ਗੰਭੀਰ ਖਤਰਾ ਹੈ ! ਇਸ ਲਈ ਕਿਰਤੀ ਵਰਗ ਆਮ ਲੋਕਾਂ ਅਤੇ ਸੰਸਾਰ ਜਮਹੂਰੀ ਸੰਗਠਨਾਂ ਨੂੰ ਕਦੀ ਵੀ ਇਸ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ ਹੈ ਕਿ ਪੂੰਜੀਵਾਦੀ ਵਿਵੱਸਥਾ 'ਚ ਰਾਜ ਮਨੁੱਖਤਾਵਾਦੀ ਅਤੇ ਕਲਿਆਣਕਾਰੀ ਹੁੰਦਾ ਹੈ।ਸਗੋ ! ਉਸ ਦਾ ਰੂਪ ਚਾਹੇ ਜੋ ਵੀ ਹੋਵੇ, ਜਿਵੇਂ ਭਾਰਤ ਵਰਗੀ, ਪਾਰਲੀਮਾਨੀ ਜਮਹੂਰੀਅਤ ਜਾਂ ਅਮਰੀਕਾ ਵਾਲਾ ਰਾਸ਼ਟਰਪਤੀ ਰਾਜ ਜਾਂ ਯੂਰਪ ਵਾਲੀਆਂ ਪ੍ਰਣਾਲੀਆਂ, ਇਹ ਸਭ ਪੂੰਜੀਵਾਦੀ-ਜਮਾਤ ਦੀ ਤਾਨਾਸ਼ਾਹੀ (ਡਿਕੈਕਟਰਸ਼ਿਪ) ਹੀ ਹੁੰਦਾ ਹੈ।

ਦੁਨੀਆਂ ਅੰਦਰ ਕਿਰਤੀ-ਜਮਾਤ ਦੀ ਅਗਵਾਈ ਵਿੱਚ ਚੱਲਣ ਵਾਲੀਆਂ ਲੋਕ-ਜਮਹੂਰੀ ਲਹਿਰਾਂ ਹੀ ਭਵਿੱਖੀ ਇਨਕਲਾਬ ਦੀ (ਕਮਿਊਨਿਸਟ ਪਾਰਟੀ ਦੀ ਅਗਵਾਈ) ਰੂਪ-ਰੇਖਾ ਘੜ ਸਕਦੀਆਂ ਹਨ।ਮਹਾਨ ਅਕਤੂਬਰ ਸਮਾਜਵਾਦੀ 1917 ਦਾ ਰੂਸੀ ਇਨਕਲਾਬ ਦੀ ਮਹੱਤਤਾ, ਇਤਿਹਾਸਕ ਪ੍ਰਾਪਤੀਆਂ ਅਤੇ ਘਟਨਾਵਾਂ ਅੱਜ ਵੀ ਸਾਡੇ ਲਈ ਚਾਨਣ-ਮੁਨਾਰਾ ਤੇ ਸਾਰਥਿਕ ਹਨ। ਅੱਜ ਇਹ ਵੀ ਸਿੱਧ ਕਰਦੀਆਂ ਹਨ ਕਿ ਲੁੱਟ-ਖਸੁੱਟ ਵਾਲੀ ਪੂੰਜੀਵਾਦੀ ਰਾਜਸੱਤਾ ਨੂੰ ਕੇਵਲ ਬਗਾਵਤ ਕਰਕੇ ਹੀ ਨਹੀਂ, ਸਗੋਂ ਸੁਚੇਤ ਤੌਰ 'ਤੇ ਵਰਗੀ-ਸੰਘਰਸ਼ ਰਾਹੀਂ ਹੀ ਖਤਮ ਕਰਕੇ ਸਮਾਜਕ ਪ੍ਰੀਵਰਤਨ ਲਿਆਂਦਾ ਜਾ ਸਕਦਾ ਹੈ। ਕਿਰਤ ਦੀ ਲੁੱਟ ਦੇ ਖਾਤਮੇ ਲਈ ਆਰਥਿਕ ਬਰਾਬਰਤਾ ਲਈ ਅਤੇ ਆਪਣੇ ਉਜਲੇ ਭਵਿੱਖ ਲਈ, ਆਉ ! ਅਸੀਂ ਸਾਰੇ ਮਹਾਨ ਅਕਤੂਬਰ (ਸਮਾਜਵਾਦੀ) ਰੂਸੀ ਇਨਕਲਾਬ 1917 ਦੀਆਂ ਪ੍ਰੰਪਰਾਵਾਂ ਨੂੰ ਅੱਗੇ ਵਧਾਉਣ ਲਈ ਹੱਕਾਂ ਲਈ ਚਲ ਰਹੇ ਕਿਰਤੀ ਸੰਘਰਸ਼ਾਂ ਤੇ ਲਹਿਰਾਂ ਵਿੱਚ ਯੋਗਦਾਨ ਪਾਈਏ ਅਤੇ ਜਿੱਤ ਵੱਲ ਵੱਧੀਏ !

ਮਹਾਨ (ਸਮਾਜਵਾਦੀ) ਅਕਤੂਬਰ ਇਨਕਲਾਬ -ਜ਼ਿੰਦਾਬਾਦ !!!

information in Public Interest



ਡਾ.ਗੁਰਦੀਪ ਸਿੰਘ ਵੱਲੋਂ ਪ੍ਰਸਾਰਿਤ ਸਿਹਤ ਵਿਗਿਆਨ (Health Education) ਦੀ ਲੜੀਵਾਰ ਲੈਕਚਰ ਸੀਰੀਜ਼ ਸੁਣੋ। ਰੋਜ਼ਾਨਾ ਕੈਲੀਫੋਰਨੀਆ ਟਾਈਮ ਸਮਾਂ ਸ਼ਾਮ 5 ਵਜੇ ਤੋਂ 6 ਵਜੇ ਤੱਕ। ਇਕ ਦਿਨ ਪੰਜਾਬੀ, ਇਕ ਦਿਨ ਅੰਗਰੇਜੀ ਅਤੇ ਇਕ ਦਿਨ ਹਿੰਦੀ ਵਿੱਚ ਰੇਡੀਓ ਸਬਰੰਗ (www.sabrangstation.com) ਯੂ ਟਿਊਬ, ਫੇਸਬੁੱਕ ਅਤੇ ਸਾਂਝੀ ਸੋਚ ਟੀ.ਵੀ ਉੱਪਰ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Dr.Gurdip S Sandhu: (408) 687 1899, (925) 587 1148

ਇਸ ਦੀਵਾਲੀ ਮਿਠਾਸ ਤੇ
ਖੁਸ਼ੀਆਂ ਦਾ ਸੁਆਦ ਮਾਣੋ!

STAR INDIA
SWEETS & CATERING
By Ashok Verma

ਦੀਵਾਲੀ ਦੀਆਂ ਖ਼ਾਸ ਮਿਠਾਈਆਂ ਤੇ ਪਕਵਾਨ:
ਦੇਸੀ ਘਿਓ ਦੀਆਂ ਜਲੇਬੀਆਂ, ਸੁਆਦਿਸ਼ਟ ਮਠਿਆਈਆਂ ਤੇ
ਦੀਵਾਲੀ ਦੇ ਖ਼ਾਸ ਪਕਵਾਨ ਅਤੇ ਹੋਰ ਵੀ ਬਹੁਤ ਕੁਝ!





CATERING SERVICES
ਵਿਆਹਾਂ • ਪਾਰਟੀਆਂ • ਹਰ ਤਰ੍ਹਾਂ ਦੇ ਸਮਾਗਮਾਂ ਲਈ
100 ਤੋਂ 2000 ਮਹਿਮਾਨਾਂ ਤੱਕ ਖਾਣੇ ਦਾ ਸ਼ਾਨਦਾਰ ਪ੍ਰਬੰਧ!

CONTACT US
209-629-8511 | 209-858-1380
Cell: 209-681-5171
www.starindiacatering.com

OUR ADDRESS
209 E. Louise Avenue,
Lathrop, California 95330, USA.

STAR INDIA
ਹਰ ਖੁਸ਼ੀ ਦਾ ਸੁਆਦ, ਹਰ ਮੌਕੇ ਦੀ ਸ਼ਾਨ

ਡਾ. ਅਮਰੀਕ ਸਿੰਘ ਕੇਨ ਕਮਿਸ਼ਨਰ ਪੰਜਾਬ ਦੇ ਸੇਵਾਮੁਕਤੀ ਸਮਾਰੋਹ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ



ਗੁਰਦਾਸਪੁਰ ਬਲਵਿੰਦਰ ਬਾਲਮ

ਡਾ. ਅਮਰੀਕ ਸਿੰਘ, ਕੇਨ ਕਮਿਸ਼ਨਰ ਪੰਜਾਬ ਦੀਆਂ 36 ਸਾਲਾਂ ਦੀਆਂ ਸੇਵਾਵਾਂ ਉਪਰੰਤ ਸੇਵਾਮੁਕਤੀ ਮੌਕੇ ਆਸਟ੍ਰੇਲੀਅਨ ਫਾਰਮ, ਗੁਰਦਾਸਪੁਰ ਵਿਖੇ ਸ਼ੁਕਰਾਨੇ ਦੀ ਅਰਦਾਸ ਅਤੇ ਸਨਮਾਨ ਸਮਾਰੋਹ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ।

ਇਸ ਮੌਕੇ ਮਹਿਕਮੇ ਦੇ ਉੱਚ ਅਧਿਕਾਰੀਆਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ, ਵਿਦਵਾਨਾਂ, ਉੱਘੇ ਕਿਸਾਨ ਆਗੂਆਂ, ਰਿਸ਼ਤੇਦਾਰਾਂ, ਭੈਣਾਂ-ਭਰਾਵਾਂ, ਦੋਸਤਾਂ ਅਤੇ ਹੋਰ ਸਨੇਹੀ ਸੱਜਣਾਂ ਨੇ ਸ਼ਿਰਕਤ ਕੀਤੀ। ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵਿਸ਼ੇਸ਼ ਤੌਰ 'ਤੇ ਸਮਾਰੋਹ ਵਿੱਚ ਸ਼ਾਮਲ ਹੋਏ।

ਇਸ ਮੌਕੇ ਵਿਚਾਰ ਰੱਖਦਿਆਂ ਬੁਲਾਰਿਆਂ ਨੇ ਡਾ. ਅਮਰੀਕ ਸਿੰਘ, ਕੇਨ ਕਮਿਸ਼ਨਰ ਪੰਜਾਬ ਨੂੰ ਪਾਰਦਰਸ਼ੀ ਕਾਰਜਸ਼ੈਲੀ ਵਾਲੇ, ਸਰਲ, ਸਪਸ਼ਟਵਾਦੀ, ਕਰਮੱਠ, ਸੰਵੇਦਨਸ਼ੀਲ, ਪ੍ਰਤਿਭਾਸ਼ਾਲੀ ਅਤੇ ਦਿਆਲੂ ਵਿਅਕਤੀ ਦੱਸਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੀਆਂ ਸੇਵਾਵਾਂ ਨੇਕਨੀਅਤੀ, ਦੇਸ਼ ਭਾਵਨਾ ਅਤੇ ਪੰਜਾਬ ਦੇ ਹਿੱਤਾਂ ਨੂੰ ਸਮਰਪਿਤ ਹੋ ਕੇ ਨਿਭਾਈਆਂ ਹਨ।

ਕਿਸਾਨਾਂ ਦੀ ਬਿਹਤਰੀ ਲਈ ਉਨ੍ਹਾਂ ਵੱਲੋਂ ਕੀਤੇ ਕਾਰਜ ਸ਼ਲਾਘਾਯੋਗ ਹਨ। ਬੁਲਾਰਿਆਂ ਨੇ ਕਿਹਾ ਕਿ ਡਾ. ਅਮਰੀਕ ਸਿੰਘ, ਕੇਨ ਕਮਿਸ਼ਨਰ ਪੰਜਾਬ ਨੇ ਜ਼ਮੀਨੀ ਪੱਧਰ 'ਤੇ ਕਿਸਾਨਾਂ ਨਾਲ ਜੁੜ ਕੇ ਖੇਤੀਬਾੜੀ ਸਬੰਧੀ ਮੁਸ਼ਕਲਾਂ ਦੇ ਹੱਲ ਲਈ ਕੰਮ ਕੀਤਾ। ਉਨ੍ਹਾਂ ਨੇ ਖੇਤੀ ਖੋਜਾਂ, ਨਵੇਂ ਉਪਕਰਨਾਂ ਤੇ ਸੰਦਾਂ, ਆਧੁਨਿਕ ਤਕਨੀਕਾਂ ਅਤੇ ਵਿਭਾਗੀ ਸਹੂਲਤਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ। ਨਵੇਂ ਕੋਰਸਾਂ, ਬੀਜਾਂ ਦੀਆਂ ਆਧੁਨਿਕ ਕਿਸਮਾਂ ਅਤੇ ਮਹਿਕਮੇ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਨਾਲ ਕਿਸਾਨਾਂ ਨੂੰ ਜੋੜ ਕੇ ਖੇਤੀ ਦੀ ਬਿਹਤਰੀ ਲਈ ਯਤਨ ਕੀਤੇ। ਉਨ੍ਹਾਂ ਦੇ ਕਾਰਜਕਾਲ ਦੌਰਾਨ ਕੀਤੇ ਮੁੱਲਵਾਨ ਕਾਰਜਾਂ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

ਇਸ ਮੌਕੇ ਰਮੇਸ਼ ਸ਼ਰਮਾ, ਸੁਮੇਸ਼ ਚੋਪੜਾ, ਜਤਿੰਦਰ ਸਿੰਘ ਗਿੱਲ, ਸਰੂਪ ਕੁਮਾਰ, ਪ੍ਰਿਤਪਾਲ ਸਿੰਘ, ਹਰਪ੍ਰੀਤ ਸਿੰਘ, ਗੁਰਦਿਆਲ ਸਿੰਘ, ਸਤਿੰਦਰਜੀਤ ਸਿੰਘ, ਅਮਰਦੀਪ ਸਿੰਘ ਪੁਰੇਵਾਲ ਅਤੇ ਬਲਵਿੰਦਰ ਬਾਲਮ ਨੇ ਆਪਣੇ ਵਿਚਾਰ ਰੱਖੇ।

ਸਮਾਰੋਹ ਵਿੱਚ ਯੰਗ ਇਨੋਵੇਟਿਵ ਫਾਰਮਰਜ਼ ਗਰੁੱਪ ਦੇ ਅਹੁਦੇਦਾਰਾਂ ਸਮੇਤ ਦਿਲਬਾਗ ਸਿੰਘ ਚੀਮਾ, ਪਲਵਿੰਦਰ ਸਿੰਘ ਸਹਾਰੀ, ਗੁਰਦਿਆਲ ਸਿੰਘ, ਠਾਕੁਰ ਮਹੇਸ਼ਵਰ, ਗੁਰਮੁਖ ਸਿੰਘ, ਮਨਪ੍ਰੀਤ ਸਿੰਘ ਭੱਟੀ, ਕਰਮਜੀਤ ਸਿੰਘ, ਡਾ. ਗੁਰਚਰਨ ਸਿੰਘ, ਰਣਜੋਧ ਸਿੰਘ, ਸੁਮਿਤ, ਗੁਰਵਿੰਦਰ ਸਿੰਘ ਬੱਲ, ਮਾਸਟਰ ਪਿਆਰਾ ਸਿੰਘ, ਸੁਰਿੰਦਰ ਕੌਰ, ਗੁਰਮੀਤ ਸਿੰਘ, ਰਣਜੀਤ ਸਿੰਘ, ਅਮਰ ਸਿੰਘ, ਗੁਰਦੀਪ ਸਿੰਘ, ਅਮਰੀਕ ਸਿੰਘ, ਹਰਜੀਤ ਸਿੰਘ ਅਤੇ ਪਲਵਿੰਦਰ ਸਿੰਘ ਨੇ ਵੀ ਸ਼ਿਰਕਤ ਕੀਤੀ। ਅੰਤ ਵਿੱਚ ਡਾ. ਅਮਰੀਕ ਸਿੰਘ, ਕੇਨ ਕਮਿਸ਼ਨਰ ਪੰਜਾਬ ਨੇ ਸਮਾਰੋਹ ਵਿੱਚ ਪੁੱਜੇ ਸਮੂਹ ਮਹਿਮਾਨਾਂ ਅਤੇ ਸਨੇਹੀਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੇ ਫ਼ਰਜ਼ ਅਮਰਜੀਤ ਸਿੰਘ ਨੇ ਬਾਖੂਬੀ ਨਿਭਾਏ।

ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਨੇਪਾਲ ਦੇ ਵਿਦੇਸ਼ ਮੰਤਰੀ ਨਾਲ ਕੀਤੀ ਮੁਲਾਕਾਤ: ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਚਰਚਾ

ਕਾਠਮੰਡੂ ਸਾਂਝੀ ਸੋਚ ਬਿਊਰੋ

ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਬੁੱਧਵਾਰ ਨੂੰ ਨੇਪਾਲ ਦੇ ਵਿਦੇਸ਼ ਮੰਤਰੀ ਸ਼ਿਸ਼ਿਰ ਖਨਾਲ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੋਵਾਂ ਆਗੂਆਂ ਨੇ ਆਪਸੀ ਸਬੰਧਾਂ ਨੂੰ ਹੋਰ ਡੂੰਘਾ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ। ਮੁਲਾਕਾਤ ਤੋਂ ਬਾਅਦ, ਨੇਪਾਲ ਦੇ ਵਿਦੇਸ਼ ਮੰਤਰਾਲੇ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਰਾਹੀਂ ਦੱਸਿਆ ਕਿ ਦੋਵਾਂ ਧਿਰਾਂ ਨੇ ਆਪਣੇ ਦੇਸ਼ਾਂ ਵਿਚਕਾਰ ਬਹੁਪੱਖੀ ਭਾਈਵਾਲੀ ਬਾਰੇ ਗੱਲਬਾਤ ਕੀਤੀ।

ਮੰਤਰਾਲੇ ਨੇ ਕਿਹਾ, "ਨੇਪਾਲ ਅਤੇ ਭਾਰਤ ਵਿਚਕਾਰ ਬਹੁਪੱਖੀ ਭਾਈਵਾਲੀ ਨੂੰ ਹੋਰ ਡੂੰਘਾ ਕਰਨ ਅਤੇ ਦੋਸਤੀ ਦੇ ਪੁਰਾਣੇ ਸਬੰਧਾਂ ਨੂੰ ਮਜ਼ਬੂਤ ਕਰਨ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ।" ਖਨਾਲ ਦੇ ਸਕੱਤਰੇਤ ਨੇ ਇੱਕ ਬਿਆਨ ਵਿੱਚ ਕਿਹਾ ਕਿ ਦੋਵਾਂ ਧਿਰਾਂ ਨੇ ਨੇਪਾਲ ਅਤੇ ਭਾਰਤ ਵਿਚਕਾਰ ਬਹੁ-ਆਯਾਮੀ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਅਤੇ ਦੋਵਾਂ ਦੇਸ਼ਾਂ ਵਿਚਕਾਰ ਲੰਬੇ ਸਮੇਂ ਤੋਂ ਚੱਲੇ ਆ ਰਹੇ ਇਤਿਹਾਸਕ ਅਤੇ ਦੋਸਤਾਨਾ ਸਬੰਧਾਂ ਨੂੰ ਹੋਰ ਗੂੜ੍ਹਾ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ।

ਸਕੱਤਰੇਤ ਨੇ ਦੱਸਿਆ, "ਉਨ੍ਹਾਂ ਨੇ ਊਰਜਾ, ਹਵਾਬਾਜ਼ੀ, ਵਪਾਰ, ਖੇਡਾਂ ਅਤੇ ਸਿੱਖਿਆ ਸਮੇਤ ਕਈ ਹੋਰ ਮੁੱਦਿਆਂ 'ਤੇ ਵੀ ਚਰਚਾ ਕੀਤੀ।" ਵਿਦੇਸ਼ ਮੰਤਰਾਲੇ ਵਿੱਚ ਹੋਈ ਇਸ ਮੁਲਾਕਾਤ ਦੌਰਾਨ, ਖਨਾਲ ਨੇ ਭਰੋਸਾ ਪ੍ਰਗਟਾਇਆ ਕਿ ਨੇਪਾਲ ਅਤੇ ਭਾਰਤ ਵਿਚਕਾਰ ਨੇੜਲੇ ਸਬੰਧ ਨਵੀਆਂ ਉਚਾਈਆਂ ਨੂੰ ਛੂਹਣਗੇ।

ਮਿਸਰੀ ਬੁੱਧਵਾਰ ਸਵੇਰੇ ਆਪਣੇ ਨੇਪਾਲੀ ਹਮਰੁਤਬਾ, ਅੰਮ੍ਰਿਤ ਬਹਾਦਰ ਰਾਏ ਦੇ ਸੱਦੇ 'ਤੇ ਕਾਠਮੰਡੂ ਪਹੁੰਚੇ। ਉਨ੍ਹਾਂ ਦੀ ਵਿੱਤ ਮੰਤਰੀ ਸਵਰਨਿਮ ਵਾਗਲੇ ਨਾਲ ਵੀ ਮੁਲਾਕਾਤ ਹੋਣ ਦੀ ਸੰਭਾਵਨਾ ਹੈ।

'ਦਿ ਕਾਠਮੰਡੂ ਪੋਸਟ' ਨੇ ਵਿਦੇਸ਼ ਮੰਤਰਾਲੇ ਦੇ ਇੱਕ ਸੀਨੀਅਰ ਅਧਿਕਾਰੀ ਦੇ ਹਵਾਲੇ ਨਾਲ ਦੱਸਿਆ ਹੈ ਕਿ ਨਵੀਂ ਦਿੱਲੀ ਵਾਪਸ ਪਰਤਣ ਤੋਂ ਪਹਿਲਾਂ, ਮਿਸਰੀ ਵੀਰਵਾਰ ਨੂੰ ਪ੍ਰਧਾਨ ਮੰਤਰੀ ਬਲੇਂਦਰ ਸ਼ਾਹ ਨਾਲ ਮੁਲਾਕਾਤ ਕਰਨਗੇ।



Space available for Ad
Contact # +1 (209) 303-1260
Contact # +91 81463-20009

JASPREET SINGH
ATTORNEY AT LAW USA



JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA

SACRAMENTO, CA
5855 AUBURN BLVD,
SACRAMENTO, CA 95841
+1-917-915-4142

FREMONT, CA
3155 KEARNEY ST, SUITE
#248, FREMONT, CA 94538
+1-510-657-6444

NEW YORK, NY
108-14 JAMAICA AVENUE,
RICHMOND HILL, NY 11418
+1-718-533-8444

FRESNO, CA
1625 E SHAW AVE #122,
FRESNO, CA 93711
+1-559-271-5511

NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699

LOS ANGELES, CA
1013 N BEGONIA AVE,
ONTARIO, CA 91762
+1-917-915-4142

CONTACT
+1-917-915-4142

Jaspreetsinghlaoffice@gmail.com

ਅਮਰੀਕਾ ਦੇ ਯੂਬਾ ਸਿਟੀ 'ਚ ਨਗਰ ਕੀਰਤਨ ਦੌਰਾਨ ਹੋਈ ਵੱਡੀ ਹਿੰਸਾ ! ਦੋ ਗੁੱਟਾਂ ਵਿਚਾਲੇ ਫਾਇਰਿੰਗ ਅਤੇ ਕਿਰਪਾਨਾਂ ਨਾਲ ਹਮਲਾ, 2 ਲੋਕ ਜ਼ਖ਼ਮੀ

ਯੂਬਾ ਸਿਟੀ
ਸਾਂਝੀ ਸੋਚ ਬਿਊਰੋ

ਵਿਦੇਸ਼ਾਂ ਵਿੱਚ ਸਿੱਖ ਭਾਈਚਾਰੇ ਵੱਲੋਂ ਸਜਾਏ ਜਾਂਦੇ ਨਗਰ ਕੀਰਤਨਾਂ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਰਧਾ ਅਤੇ ਉਤਸ਼ਾਹ ਨਾਲ ਸ਼ਾਮਲ ਹੁੰਦੀਆਂ ਹਨ। ਨਗਰ ਕੀਰਤਨਾਂ ਦੌਰਾਨ ਸੰਗਤਾਂ ਗੁਰੂ ਸਾਹਿਬ ਦੀ ਪਾਲਕੀ ਦੇ ਦਰਸ਼ਨ ਕਰਦੀਆਂ ਹਨ ਅਤੇ ਗੁਰਬਾਣੀ ਕੀਰਤਨ ਰਾਹੀਂ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ। ਪਰ ਅਮਰੀਕਾ ਤੋਂ ਇੱਕ ਅਜਿਹੀ ਖ਼ਬਰ ਸਾਹਮਣੇ ਆਈ ਹੈ, ਜਿਸ ਨੇ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਭਾਈਚਾਰੇ ਦੇ ਨਾਲ-ਨਾਲ ਹਰ ਕਿਸੇ ਨੂੰ ਹੈਰਾਨ ਕਰ ਦਿੱਤਾ ਹੈ। ਇੱਥੇ ਨਗਰ ਕੀਰਤਨ ਦੌਰਾਨ ਅਜਿਹਾ ਕੁਝ ਵਾਪਰਿਆ ਕਿ ਧਾਰਮਿਕ ਸਮਾਗਮ ਦਾ ਮਾਹੌਲ ਅਚਾਨਕ ਤਣਾਅਪੂਰਨ ਹੋ ਗਿਆ। ਦੋ ਗੁੱਟਾਂ ਵਿਚਾਲੇ ਹੋਈ ਹਿੰਸਕ ਝੜਪ ਦੌਰਾਨ ਪਹਿਲਾਂ ਫਾਇਰਿੰਗ ਦੀ ਘਟਨਾ ਵਾਪਰੀ ਅਤੇ ਫਿਰ ਕਿਰਪਾਨਾਂ ਤੇ ਨੇਜ਼ਿਆਂ ਨਾਲ ਹਮਲਾ ਕੀਤੇ ਜਾਣ ਦੀ ਜਾਣਕਾਰੀ ਸਾਹਮਣੇ ਆਈ। ਇਸ ਪੂਰੇ ਮਾਮਲੇ ਵਿੱਚ ਦੋ ਵਿਅਕਤੀ ਜ਼ਖ਼ਮੀ ਹੋਏ ਹਨ, ਜਦਕਿ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਹੈ। ਹੁਣ ਪੁਲਸ ਵੱਲੋਂ ਦੋਵਾਂ ਘਟਨਾਵਾਂ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਆਖ਼ਿਰ ਇਨ੍ਹਾਂ ਪਿੱਛੇ ਕੀ ਕਾਰਨ ਸੀ ਅਤੇ ਕੀ ਦੋਵਾਂ ਘਟਨਾਵਾਂ ਦਾ ਆਪਸ ਵਿੱਚ ਕੋਈ ਸਬੰਧ ਹੈ।

ਦਰਅਸਲ, ਇਹ ਪੂਰਾ ਮਾਮਲਾ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਯੂਬਾ ਸਿਟੀ ਵਿੱਚ ਸਥਿਤ ਘੁਰਦਆਰਓ ਸ਼ਓਹਿਬ ਠਿਏਰਰਓ ਭੁਏਨਓ ਦਾ ਹੈ। ਇਸ ਗੁਰਦੁਆਰਾ ਸਾਹਿਬ ਵਿਖੇ 47ਵੇਂ ਸਾਲਾਨਾ ਨਗਰ ਕੀਰਤਨ ਅਤੇ ਮੇਲੇ ਦਾ ਆਯੋਜਨ ਕੀਤਾ ਗਿਆ ਸੀ। ਇਸ ਧਾਰਮਿਕ ਸਮਾਗਮ ਵਿੱਚ ਯੂਬਾ ਸਿਟੀ ਸਮੇਤ ਆਸ-ਪਾਸ ਦੇ ਕਈ ਇਲਾਕਿਆਂ ਤੋਂ ਸਿੱਖ ਸੰਗਤਾਂ ਵੱਡੀ ਗਿਣਤੀ ਵਿੱਚ ਪਹੁੰਚੀਆਂ ਹੋਈਆਂ ਸਨ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਗਰ ਕੀਰਤਨ ਵਿੱਚ ਸੰਗਤਾਂ ਨੇ ਸ਼ਰਧਾ ਨਾਲ ਸ਼ਮੂਲੀਅਤ ਕੀਤੀ। ਧਾਰਮਿਕ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ ਅਤੇ ਪੂਰੇ ਇਲਾਕੇ ਵਿੱਚ ਮੇਲੇ ਵਰਗਾ ਮਾਹੌਲ ਬਣਿਆ ਹੋਇਆ ਸੀ। ਪਰ ਇਸੇ ਦੌਰਾਨ ਵਾਪਰੀਆਂ ਦੋ ਵੱਖ-ਵੱਖ ਹਿੰਸਕ ਘਟਨਾਵਾਂ ਨੇ ਇਸ ਧਾਰਮਿਕ ਸਮਾਗਮ ਨੂੰ ਚਰਚਾ ਵਿੱਚ ਲਿਆ ਦਿੱਤਾ।

ਜਾਣਕਾਰੀ ਅਨੁਸਾਰ, ਇਸ ਮਾਮਲੇ ਵਿੱਚ ਹਿੰਸਾ ਦੀ ਪਹਿਲੀ ਘਟਨਾ 31 ਅਕਤੂਬਰ ਨੂੰ ਵਾਪਰੀ ਸੀ। ਸਟਰ ਕਾਊਂਟੀ ਸ਼ੈਰਿਫ ਦਫ਼ਤਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ, ਗੁਰਦੁਆਰਾ ਸਾਹਿਬ ਦੇ ਸਾਹਮਣੇ ਠਿਏਰਰਓ ਭੁਏਨਓ ਰੋਡ 'ਤੇ ਸਥਿਤ ਪਾਰਕਿੰਗ ਲਾਟ-ਏ ਵਿੱਚ ਫਾਇਰਿੰਗ ਦੀ ਆਵਾਜ਼ ਸੁਣਦੇ ਹੀ ਉੱਥੇ ਮੌਜੂਦ ਲੋਕਾਂ ਵਿੱਚ ਦਹਿਸ਼ਤ ਫੈਲ ਗਈ। ਕਿਸੇ ਨੂੰ ਵੀ ਇਹ ਸਮਝ ਨਹੀਂ ਆ ਰਿਹਾ ਸੀ ਕਿ ਅਚਾਨਕ ਗੋਲੀਆਂ ਕਿਸ ਵੱਲੋਂ ਚਲਾਈਆਂ ਗਈਆਂ ਹਨ ਅਤੇ ਇਸ ਦੇ ਪਿੱਛੇ ਕੀ ਕਾਰਨ ਹੋ ਸਕਦਾ ਹੈ। ਘਟਨਾ ਤੋਂ ਬਾਅਦ ਪਾਰਕਿੰਗ ਵਾਲੀ ਥਾਂ 'ਤੇ ਹਫ਼ੜਾ-ਦਫ਼ੜੀ ਦਾ ਮਾਹੌਲ ਬਣ ਗਿਆ।

ਹਾਲਾਂਕਿ ਇਸ ਫਾਇਰਿੰਗ ਦੀ ਘਟਨਾ ਵਿੱਚ ਰਾਹਤ ਦੀ ਗੱਲ ਇਹ ਰਹੀ ਕਿ ਕਿਸੇ ਵੀ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਸੂਚਨਾ ਨਹੀਂ ਮਿਲੀ। ਪਰ ਧਾਰਮਿਕ ਸਮਾਗਮ ਦੌਰਾਨ ਗੋਲੀਆਂ ਚੱਲਣ ਦੀ ਘਟਨਾ ਨੇ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਕਈ ਸਵਾਲ ਖੜ੍ਹੇ ਕਰ ਦਿੱਤੇ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਅਤੇ ਸੁਰੱਖਿਆ ਅਧਿਕਾਰੀਆਂ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਅਧਿਕਾਰੀਆਂ ਵੱਲੋਂ ਮੌਕੇ ਨਾਲ ਜੁੜੇ ਸਬੂਤ ਇਕੱਠੇ ਕੀਤੇ ਗਏ ਅਤੇ ਫਾਇਰਿੰਗ ਕਰਨ ਵਾਲੇ ਵਿਅਕਤੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਮਾਮਲੇ ਵਿੱਚ ਪੁਲਸ ਨੇ ਇੱਕ ਸ਼ੱਕੀ ਦੀ ਪਛਾਣ ਕਰ ਲਈ ਹੈ ਅਤੇ ਅੱਗੇ ਦੀ ਜਾਂਚ ਜਾਰੀ ਹੈ।

ਪਰ ਫਾਇਰਿੰਗ ਦੀ ਘਟਨਾ ਤੋਂ ਬਾਅਦ ਮਾਮਲਾ ਇੱਥੇ ਹੀ ਨਹੀਂ ਰੁਕਿਆ। ਅਗਲੇ ਹੀ ਦਿਨ ਯਾਨੀ 1 ਨਵੰਬਰ ਨੂੰ ਨਗਰ ਕੀਰਤਨ ਦੀ ਸਮਾਪਤੀ ਮੌਕੇ ਇੱਕ ਹੋਰ ਗੰਭੀਰ ਹਿੰਸਕ ਘਟਨਾ ਵਾਪਰ ਗਈ। ਜਾਣਕਾਰੀ ਮੁਤਾਬਕ, ਜਦੋਂ ਘੁਰਦਆਰਓ ਸ਼ਓਹਿਬ ਠਿਏਰਰਓ ਭੁਏਨਓ ਵਿਖੇ ਚੱਲ ਰਹੇ 47ਵੇਂ ਸਾਲਾਨਾ ਨਗਰ ਕੀਰਤਨ ਅਤੇ ਮੇਲੇ ਦੀ ਸਮਾਪਤੀ ਹੋ ਰਹੀ ਸੀ ਤਾਂ ਉਸ ਸਮੇਂ ਦੋ ਗੁੱਟਾਂ ਵਿਚਾਲੇ ਤਣਾਅ ਵਧ ਗਿਆ। ਇਸ ਦੌਰਾਨ ਕੁਝ ਨੌਜਵਾਨਾਂ ਵੱਲੋਂ ਕਿਰਪਾਨਾਂ ਅਤੇ ਨੇਜ਼ਿਆਂ ਨਾਲ ਹਮਲਾ ਕੀਤੇ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ। ਅਚਾਨਕ ਹੋਏ ਇਸ ਹਮਲੇ ਕਾਰਨ ਉੱਥੇ ਮੌਜੂਦ ਲੋਕਾਂ ਵਿੱਚ ਡਰ ਅਤੇ ਦਹਿਸ਼ਤ ਦਾ ਮਾਹੌਲ ਬਣ ਗਿਆ। ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋਣ ਆਈਆਂ ਸੰਗਤਾਂ ਲਈ ਇਹ ਘਟਨਾ ਬੇਹੱਦ ਹੈਰਾਨ ਕਰਨ ਵਾਲੀ ਸੀ।

ਦੱਸਿਆ ਜਾ ਰਿਹਾ ਹੈ ਕਿ ਇਸ ਹਿੰਸਕ ਝੜਪ ਦੌਰਾਨ ਦੋ ਵਿਅਕਤੀ ਜ਼ਖ਼ਮੀ ਹੋ ਗਏ। ਘਟਨਾ ਤੋਂ ਬਾਅਦ ਜ਼ਖ਼ਮੀਆਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਕਰਵਾਇਆ ਗਿਆ। ਨਗਰ ਕੀਰਤਨ ਦੀ ਸਮਾਪਤੀ ਮੌਕੇ ਵਾਪਰੀ ਇਸ ਘਟਨਾ ਨੇ ਪੂਰੇ ਇਲਾਕੇ ਵਿੱਚ ਚਰਚਾ ਛੇੜ ਦਿੱਤੀ। ਲੋਕਾਂ ਦੇ ਮਨਾਂ ਵਿੱਚ ਇਹ ਸਵਾਲ ਉੱਠਣ ਲੱਗੇ ਕਿ ਆਖ਼ਿਰ ਧਾਰਮਿਕ ਸਮਾਗਮ ਦੌਰਾਨ ਅਜਿਹੀ ਹਿੰਸਾ ਕਿਉਂ ਹੋਈ ਅਤੇ ਦੋ ਗੁੱਟਾਂ ਵਿਚਾਲੇ ਅਜਿਹਾ ਕਿਹੜਾ ਵਿਵਾਦ ਸੀ, ਜਿਸ ਕਾਰਨ ਮਾਹੌਲ ਇੰਨਾ ਖ਼ਰਾਬ ਹੋ ਗਿਆ।

ਉੱਥੇ ਹੀ ਇਸ ਮਾਮਲੇ ਵਿੱਚ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਸੈਕਰਾਮੈਂਟੋ ਦੇ ਰਹਿਣ ਵਾਲੇ ਦਵਿੰਦਰ ਸਿੰਘ ਨੂੰ ਕਿਰਪਾਨਾਂ ਨਾਲ ਹੋਏ ਹਮਲੇ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਹਾਲਾਂਕਿ ਪੁਲਸ ਵੱਲੋਂ ਇਸ ਮਾਮਲੇ ਵਿੱਚ ਹੋਰ ਪਹਿਲੂਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਹਮਲੇ ਵਿੱਚ ਹੋਰ ਕੌਣ-ਕੌਣ ਸ਼ਾਮਲ ਸੀ ਅਤੇ ਹਿੰਸਾ ਸ਼ੁਰੂ ਹੋਣ ਪਿੱਛੇ ਅਸਲ ਕਾਰਨ ਕੀ ਸੀ।

ਇਸ ਪੂਰੇ ਮਾਮਲੇ ਵਿੱਚ ਸਭ ਤੋਂ ਅਹਿਮ ਗੱਲ ਇਹ ਹੈ ਕਿ ਦੋਵੇਂ ਘਟਨਾਵਾਂ ਇੱਕੋ ਗੁਰਦੁਆਰਾ ਸਾਹਿਬ ਅਤੇ ਇੱਕੋ ਨਗਰ ਕੀਰਤਨ ਨਾਲ ਸਬੰਧਤ ਹਨ। ਪਹਿਲੀ ਘਟਨਾ 31 ਅਕਤੂਬਰ ਨੂੰ ਗੁਰਦੁਆਰਾ ਸਾਹਿਬ ਦੇ ਸਾਹਮਣੇ ਪਾਰਕਿੰਗ ਲਾਟ ਵਿੱਚ ਫਾਇਰਿੰਗ ਦੀ ਸੀ, ਜਦਕਿ ਦੂਜੀ ਘਟਨਾ 1 ਨਵੰਬਰ ਨੂੰ ਨਗਰ ਕੀਰਤਨ ਦੀ ਸਮਾਪਤੀ ਦੌਰਾਨ ਕਿਰਪਾਨਾਂ ਅਤੇ ਨੇਜ਼ਿਆਂ ਨਾਲ ਹੋਏ ਹਮਲੇ ਦੀ ਹੈ। ਦੋਵਾਂ ਘਟਨਾਵਾਂ ਵਿਚਾਲੇ ਸਿਰਫ਼ ਇੱਕ ਦਿਨ ਦਾ ਫ਼ਰਕ ਹੋਣ ਕਾਰਨ ਪੁਲਸ ਹੁਣ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਕੀ ਇਹ ਦੋਵੇਂ ਘਟਨਾਵਾਂ ਆਪਸ ਵਿੱਚ ਜੁੜੀਆਂ ਹੋਈਆਂ ਹਨ ਜਾਂ ਫਿਰ ਇਨ੍ਹਾਂ ਦੇ ਪਿੱਛੇ ਵੱਖ-ਵੱਖ ਕਾਰਨ ਹਨ।

ਸਟਰ ਕਾਊਂਟੀ ਸ਼ੈਰਿਫ ਦਫ਼ਤਰ ਵੱਲੋਂ ਦੋਵਾਂ ਮਾਮਲਿਆਂ ਨਾਲ ਜੁੜੇ ਸਬੂਤਾਂ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਇਹ ਵੀ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਦੋਵਾਂ ਗੁੱਟਾਂ ਵਿਚਾਲੇ ਪਹਿਲਾਂ ਤੋਂ ਕੋਈ ਵਿਵਾਦ ਚੱਲ ਰਿਹਾ ਸੀ। ਕੀ ਫਾਇਰਿੰਗ ਅਤੇ ਕਿਰਪਾਨਾਂ ਨਾਲ ਹੋਏ ਹਮਲੇ ਪਿੱਛੇ ਇੱਕੋ ਵਿਵਾਦ ਸੀ ਜਾਂ ਫਿਰ ਦੋਵੇਂ ਘਟਨਾਵਾਂ ਦਾ ਆਪਸ ਵਿੱਚ ਕੋਈ ਲੈਣਾ-ਦੇਣਾ ਨਹੀਂ ਸੀ। ਫਿਲਹਾਲ ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਪੁਲਸ ਦੀ ਜਾਂਚ ਤੋਂ ਬਾਅਦ ਹੀ ਸਾਹਮਣੇ ਆ ਸਕਣਗੇ।

ਜ਼ਿਕਰਯੋਗ ਹੈ ਕਿ ਵਿਦੇਸ਼ਾਂ ਵਿੱਚ ਸਿੱਖ ਭਾਈਚਾਰੇ ਵੱਲੋਂ ਸਮੇਂ-ਸਮੇਂ 'ਤੇ ਵੱਡੇ ਪੱਧਰ 'ਤੇ ਨਗਰ ਕੀਰਤਨ ਅਤੇ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਇਲਾਕਿਆਂ ਤੋਂ ਸੰਗਤਾਂ ਸ਼ਾਮਲ ਹੁੰਦੀਆਂ ਹਨ। ਅਜਿਹੇ ਸਮਾਗਮਾਂ ਦਾ ਮਕਸਦ ਸਿੱਖ ਧਰਮ ਦੀਆਂ ਸਿੱਖਿਆਵਾਂ, ਗੁਰਬਾਣੀ ਅਤੇ ਸੇਵਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣਾ ਹੁੰਦਾ ਹੈ। ਪਰ ਯੂਬਾ ਸਿਟੀ ਦੇ ਘੁਰਦਆਰਓ ਸ਼ਓਹਿਬ ਠਿਏਰਰਓ ਭੁਏਨਓ ਵਿਖੇ ਨਗਰ ਕੀਰਤਨ ਦੌਰਾਨ ਵਾਪਰੀਆਂ ਇਨ੍ਹਾਂ ਘਟਨਾਵਾਂ ਨੇ ਸੰਗਤਾਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਫਿਲਹਾਲ ਪੁਲਸ ਵੱਲੋਂ ਦੋਵਾਂ ਘਟਨਾਵਾਂ ਦੀ ਜਾਂਚ ਜਾਰੀ ਹੈ। ਫਾਇਰਿੰਗ ਦੇ ਮਾਮਲੇ ਵਿੱਚ ਇੱਕ ਸ਼ੱਕੀ ਦੀ ਪਛਾਣ ਕੀਤੀ ਗਈ ਹੈ, ਜਦਕਿ ਕਿਰਪਾਨਾਂ ਨਾਲ ਹਮਲੇ ਦੇ ਮਾਮਲੇ ਵਿੱਚ ਦਵਿੰਦਰ ਸਿੰਘ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ। ਹੁਣ ਦੇਖਣਾ ਹੋਵੇਗਾ ਕਿ ਪੁਲਸ ਦੀ ਜਾਂਚ ਵਿੱਚ ਇਨ੍ਹਾਂ ਦੋਵਾਂ ਘਟਨਾਵਾਂ ਪਿੱਛੇ ਕੀ ਕਾਰਨ ਸਾਹਮਣੇ ਆਉਂਦੇ ਹਨ ਅਤੇ ਕੀ ਦੋਵੇਂ ਗੁੱਟਾਂ ਵਿਚਾਲੇ ਪੁਰਾਣੀ ਰੰਜਿਸ਼ ਇਸ ਹਿੰਸਾ ਦੀ ਵਜ੍ਹਾ ਬਣੀ ਸੀ।









ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ!

ਬੰਦੀ ਛੋੜ ਦਿਵਸ ਅਤੇ ਦੀਵਾਲੀ
ਦੀਆਂ ਲੱਖ-ਲੱਖ ਵਧਾਈਆਂ!



8 ਨਵੰਬਰ 2026 ਦਿਨ ਐਤਵਾਰ

ਸੈਨ ਹੋਜ਼ੇ ਗੁਰਦੁਆਰਾ ਸਾਹਿਬ ਵਿਖੇ
ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਪਾਵਨ ਦਿਹਾੜਾ
ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਵਿਸ਼ੇਸ਼ ਧਾਰਮਿਕ ਸਮਾਗਮ ➤ ਕੀਰਤਨ ❖ ਕਥਾ ❖ ਢਾਡੀ ਵਾਰਾਂ

ਸਮਾਂ ➤ ਸਵੇਰੇ 4:30 ਵਜੇ ਤੋਂ ਰਾਤ 9:30 ਵਜੇ ਤੱਕ



ਖ਼ਾਸ ਪਕਵਾਨ

ਪੀਜ਼ਾ ❖ ਛੋਲੇ-ਭਟੂਰੇ ❖ ਚਾਹ-ਪਕੌੜੇ

ਤੇ ਹੋਰ ਵੀ ਕਈ ਤਰ੍ਹਾਂ ਦੇ ਪਕਵਾਨ

ਸੰਗਤਾਂ ਵੱਲੋਂ ਗੁਰੂ ਘਰ ਦੇ ਬਾਹਰ ਲੰਗਰਾਂ ਲਈ ਵਿਸ਼ੇਸ਼ ਸਟਾਲ ਲਗਾਏ ਜਾਣਗੇ।

ਤਾਂ ਆਓ ! ਗੁਰੂ ਘਰ ਵਿਖੇ ਪਹੁੰਚ ਕੇ ਗੁਰਬਾਣੀ ਦਾ ਲਾਹਾ ਪ੍ਰਾਪਤ ਕਰੀਏ
ਅਤੇ ਸੇਵਾ ਤੇ ਸਾਂਝ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰੀਏ।

ਸਥਾਨ : 3636 Gurdwara Avenue,San Jose, California 95148

ਵਧੇਰੇ ਜਾਣਕਾਰੀ ਲਈ ਸੰਪਰਕ ➤ 408-274-9373

🙏 ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਨਿੱਘਾ ਸੱਦਾ। 🙏

ਪਰਵਿੰਦਰ ਸਿੰਘ ਝੋਟਾ ਕਤਲ ਮਾਮਲਾ: ਗੁਰਮੀਤ ਸਿੰਘ ਖੁੱਡੀਆਂ ਅਤੇ ਕੁਲਤਾਰ ਸਿੰਘ ਸੰਧਵਾਂ ਐਕਸ਼ਨ ਕਮੇਟੀ ਨਾਲ ਮੀਟਿੰਗ ਲਈ ਪਹੁੰਚੇ ਮਾਨਸਾ

ਮਾਨਸਾ
ਸਾਂਝੀ ਸੋਚ ਬਿਊਰੋ



ਗੁਰਮੀਤ ਸਿੰਘ ਖੁੱਡੀਆਂ ਅਤੇ ਕੁਲਤਾਰ ਸਿੰਘ ਸੰਧਵਾਂ, ਪਰਵਿੰਦਰ ਝੋਟਾ ਕਤਲ ਕਾਂਡ ਦੇ ਸਬੰਧ ਵਿੱਚ 'ਐਕਸ਼ਨ ਕਮੇਟੀ' ਨਾਲ ਮੀਟਿੰਗ ਕਰਨ ਲਈ ਮਾਨਸਾ ਪਹੁੰਚ ਗਏ ਹਨ। ਇਹ ਮੀਟਿੰਗ ਮਾਨਸਾ ਦੇ 'ਬੱਚਤ ਭਵਨ' ਵਿਖੇ ਹੋ ਰਹੀ ਹੈ ਅਤੇ ਉਮੀਦ ਹੈ ਕਿ ਅੱਜ ਕੋਈ ਹੱਲ ਨਿਕਲ ਆਵੇਗਾ।

ਸੂਤਰਾਂ ਅਨੁਸਾਰ, ਐਕਸ਼ਨ ਕਮੇਟੀ ਨੇ ਆਪਣੀਆਂ ਮੰਗਾਂ ਦੀ ਸੂਚੀ ਵਿੱਚੋਂ ਕੁਝ ਮੰਗਾਂ ਵਾਪਸ ਲੈ ਲਈਆਂ ਹਨ। ਹੁਣ ਇਹ ਦੇਖਣਾ ਹੋਵੇਗਾ ਕਿ ਅੱਜ ਦੀ ਮੀਟਿੰਗ ਦਾ ਕੀ ਨਤੀਜਾ ਨਿਕਲਦਾ ਹੈ। ਜ਼ਿਕਰਯੋਗ ਹੈ ਕਿ ਐਕਸ਼ਨ ਕਮੇਟੀ ਨੇ ਪਹਿਲਾਂ ਕੱਲ੍ਹ, 5 ਨਵੰਬਰ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਦੇ 'ਘਿਰਾਓ' ਦਾ ਸੱਦਾ ਦਿੱਤਾ ਸੀ।

ਹੁਣ ਇਹ ਦੇਖਣਾ ਬਾਕੀ ਹੈ ਕਿ ਇਸ ਤੈਅ ਕੀਤੇ ਗਏ ਪ੍ਰੋਗਰਾਮ ਬਾਰੇ ਕੀ ਚਰਚਾ ਹੁੰਦੀ ਹੈ। ਜਾਣਕਾਰੀ ਅਨੁਸਾਰ ਮੀਟਿੰਗ ਵਿਚ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਕੁਲਤਾਰ ਸਿੰਘ ਸੰਧਵਾਂ, ਬਠਿੰਡਾ ਰੇਂਜ ਦੇ ਡੀ.ਆਈ.ਜੀ. ਹਰਜੀਤ ਸਿੰਘ ਮਾਨਸਾ, ਪਹਿਲਾਂ ਰਹਿ ਚੁੱਕੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਧੂਰੀ ਸਮੇਤ ਸਰਕਾਰ ਦੇ ਹੋਰ ਨੁਮਾਇੰਦੇ ਵੀ ਸ਼ਾਮਲ ਹਨ।

ਅਮਰੀਕਾ ਆਉਣ ਵਾਲੇ ਹਵਾਈ ਯਾਤਰੀਆਂ ਲਈ ਸੀ.ਡੀ.ਸੀ ਦਾ ਨਵਾਂ ਨਿਯਮ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ



3 ਨਵੰਬਰ 2026 ਨੂੰ ਰਾਤ 11:59 ਵਜੇ ਈਸਟਰਨ ਸਮੇਂ ਤੋਂ ਅਮਰੀਕਾ ਆਉਣ ਵਾਲੀਆਂ ਵਿਦੇਸ਼ੀ ਉਡਾਣਾਂ ਦੇ ਯਾਤਰੀਆਂ ਲਈ ਨਵੀਂ ਸਿਹਤ ਸੰਬੰਧੀ ਸ਼ਰਤ ਲਾਗੂ ਹੋ ਗਈ ਹੈ। ਹਰ ਯਾਤਰੀ ਨੂੰ ਲਿਖਤੀ ਜਾਂ ਡਿਜੀਟਲ ਬਿਆਨ ਦੇਣਾ ਪਵੇਗਾ ਕਿ ਉਹ ਉਡਾਣ 'ਤੇ ਚੜ੍ਹਨ ਤੋਂ ਪਹਿਲਾਂ ਦੇ 21 ਦਿਨਾਂ ਵਿਚ ਡੈਮੋਕ੍ਰੈਟਿਕ ਰਿਪਬਲਿਕ ਆਫ਼ ਕਾਂਗੋ (ਡੀ.ਆਰ.ਸੀ.) ਵਿਚ ਨਹੀਂ ਗਿਆ। ਇਹ ਨਿਯਮ ਵਿਦੇਸ਼ ਤੋਂ ਅਮਰੀਕਾ ਆਉਣ ਵਾਲੀਆਂ ਉਡਾਣਾਂ 'ਤੇ ਲਾਗੂ ਹੋਵੇਗਾ। ਇਹ ਸ਼ਰਤ ਅਮਰੀਕੀ ਨਾਗਰਿਕਾਂ, ਗ੍ਰੀਨ ਕਾਰਡ ਧਾਰਕਾਂ ਅਤੇ ਹੋਰ ਦੇਸ਼ਾਂ ਦੇ ਨਾਗਰਿਕਾਂ ਸਮੇਤ ਸਾਰੇ ਹਵਾਈ ਯਾਤਰੀਆਂ 'ਤੇ ਲਾਗੂ ਹੈ। ਜੇ ਕਿਸੇ ਨੇ ਪਿਛਲੇ 21 ਦਿਨਾਂ ਵਿਚ ਡੀ.ਆਰ.ਸੀ. ਦਾ ਸਫ਼ਰ ਕੀਤਾ ਹੈ, ਤਾਂ ਸਰਕਾਰ ਵੱਲੋਂ ਛੋਟ ਮਿਲਣ ਤੋਂ ਬਿਨਾਂ ਉਸ ਨੂੰ ਅਮਰੀਕਾ ਜਾਣ ਵਾਲੀ ਉਡਾਣ 'ਤੇ ਚੜ੍ਹਨ ਦੀ ਇਜਾਜ਼ਤ ਨਹੀਂ ਹੋਵੇਗੀ। ਡੀ.ਆਰ.ਸੀ. ਦੇ ਹਵਾਈ ਅੱਡੇ ਰਾਹੀਂ ਸਿਰਫ਼ ਟਰਾਂਜ਼ਿਟ ਕਰਨ ਵਾਲਾ ਵਿਅਕਤੀ ਵੀ ਇਸ ਗਿਣਤੀ ਵਿਚ ਆ ਸਕਦਾ ਹੈ, ਭਾਵੇਂ ਉਹ ਹਵਾਈ ਅੱਡੇ ਤੋਂ ਬਾਹਰ ਨਾ ਗਿਆ ਹੋਵੇ। ਇਸ ਬਿਆਨ ਦਾ ਮਕਸਦ ਇਬੋਲਾ ਬਿਮਾਰੀ ਦੇ ਅਮਰੀਕਾ ਵਿਚ ਫੈਲਣ ਦੇ ਖ਼ਤਰੇ ਨੂੰ ਘਟਾਉਣਾ ਹੈ। ਸੀ.ਡੀ.ਸੀ. ਮੁਤਾਬਕ 21 ਦਿਨਾਂ ਦੀ ਮਿਆਦ ਇਬੋਲਾ ਦੇ ਲੱਛਣ ਸਾਹਮਣੇ ਆਉਣ ਦੀ ਵੱਧ ਤੋਂ ਵੱਧ ਸੰਭਾਵੀ ਮਿਆਦ ਨੂੰ ਧਿਆਨ ਵਿਚ ਰੱਖ ਕੇ ਰੱਖੀ ਗਈ ਹੈ। ਸੀ.ਡੀ.ਸੀ. ਨੇ ਕਿਹਾ ਹੈ ਕਿ ਆਮ ਲੋਕਾਂ ਅਤੇ ਯਾਤਰੀਆਂ ਲਈ ਕੁੱਲ ਖ਼ਤਰਾ ਘੱਟ ਹੈ।

ਏਅਰਲਾਈਨਾਂ ਯਾਤਰੀਆਂ ਤੋਂ ਕਾਗਜ਼ੀ ਜਾਂ ਡਿਜ਼ੀਟਲ ਦਸਤਖ਼ਤ ਲੈਣਗੀਆਂ ਅਤੇ ਬਿਆਨ ਦਾ ਰਿਕਾਰਡ ਰੱਖਣਗੀਆਂ। ਗਲਤ ਜਾਣਕਾਰੀ ਜਾਣਬੁੱਝ ਕੇ ਦੇਣ 'ਤੇ ਕਾਨੂੰਨੀ ਸਜ਼ਾ ਹੋ ਸਕਦੀ ਹੈ। ਯਾਤਰੀ ਆਪਣੀ ਉਡਾਣ ਤੋਂ ਪਹਿਲਾਂ ਏਅਰਲਾਈਨ ਨਾਲ ਪੁੱਛ ਕੇ ਪਤਾ ਕਰ ਲੈਣ ਕਿ ਬਿਆਨ ਕਿਵੇਂ ਦੇਣਾ ਹੈ।

ਵੀਨੀਤ ਭੁੱਲਰ ਨੂੰ ਸਿਹਤ ਸੇਵਾ ਲਈ ਮਿਲੀ ਮਾਨਤਾ

ਸੈਕਰਾਮੈਂਟੋ
ਸਾਂਝੀ ਸੋਚ ਬਿਊਰੋ



ਕੈਸਰ ਪਰਮਾਨੇਂਟੇ 'ਚ ਲੇਬਰ ਐਂਡ ਡਿਲਿਵਰੀ ਵਿਭਾਗ ਨਾਲ ਜੁੜੀ ਵੀਨੀਤ ਭੁੱਲਰ ਨੂੰ ਮਰੀਜ਼ਾਂ ਅਤੇ ਸਹਿਕਰਮੀਆਂ ਦੀ ਸੇਵਾ ਲਈ ਵਿਸ਼ੇਸ਼ ਮਾਨਤਾ ਦਿੱਤੀ ਗਈ ਹੈ। ਕੈਸਰ ਪਰਮਾਨੇਂਟੇ ਦੇ "ਕੇਅਰਿੰਗ ਮੋਮੈਂਟਸ" ਪੋਸਟਰ 'ਚ ਵੀਨੀਤ ਦੇ ਕੰਮ ਅਤੇ ਉਨ੍ਹਾਂ ਦੇ ਸਕਾਰਾਤਮਕ ਰਵੱਈਏ ਦੀ ਸ਼ਲਾਘਾ ਕੀਤੀ ਗਈ ਹੈ। ਵੀਨੀਤ ਆਪਣੇ ਯੂਨਿਟ ਵਿਚ ਸਾਥੀਆਂ ਨੂੰ ਲਗਾਤਾਰ ਸਹਿਯੋਗ ਦਿੰਦੀ ਹਨ ਅਤੇ ਲੋੜ ਪੈਣ 'ਤੇ ਮਦਦ ਲਈ ਤੁਰੰਤ ਅੱਗੇ ਆਉਂਦੇ ਹਨ।

ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਵਿਚ ਨਵਜੰਮੇ ਬੱਚਿਆਂ ਨੂੰ ਸੰਭਾਲਣ ਵਿਚ ਮਦਦ ਕਰਨਾ, ਮਰੀਜ਼ਾਂ ਨੂੰ ਠੀਕ ਤਰੀਕੇ ਨਾਲ ਬਿਠਾਉਣ ਜਾਂ ਲਿਟਾਉਣ ਵਿਚ ਸਹਿਯੋਗ ਦੇਣਾ ਅਤੇ ਸਾਥੀਆਂ ਨਾਲ ਲਾਭਦਾਇਕ ਤਕਨੀਕਾਂ ਸਾਂਝੀਆਂ ਕਰਨਾ ਸ਼ਾਮਲ ਹੈ। ਇਹ ਤਰੀਕੇ ਮਾਂਵਾਂ ਦੀ ਜਣੇਪੇ ਦੌਰਾਨ ਦੇਖਭਾਲ ਅਤੇ ਸੁਰੱਖਿਆ ਨੂੰ ਬਿਹਤਰ ਬਣਾਉਣ ਵਿਚ ਮਦਦਗਾਰ ਹੋ ਸਕਦੇ ਹਨ।

ਵੀਨੀਤ ਦਾ ਉਤਸ਼ਾਹ ਅਤੇ ਮਰੀਜ਼ਾਂ ਦੀ ਮਦਦ ਕਰਨ ਦਾ ਜਜ਼ਬਾ ਉਨ੍ਹਾਂ ਦੇ ਸਹਿਕਰਮੀਆਂ ਨੂੰ ਵੀ ਨਵੀਆਂ ਗੱਲਾਂ ਸਿੱਖਣ ਅਤੇ ਆਪਣੇ ਹੁਨਰ ਸੁਧਾਰਨ ਲਈ ਪ੍ਰੇਰਿਤ ਕਰਦਾ ਹੈ। ਉਨ੍ਹਾਂ ਦੀ ਟੀਮ ਭਾਵਨਾ ਕੰਮਕਾਜੀ ਮਾਹੌਲ ਨੂੰ ਸਹਿਯੋਗੀ ਬਣਾਉਣ ਵਿਚ ਯੋਗਦਾਨ ਪਾਉਂਦੀ ਹੈ।

ਕੈਸਰ ਪਰਮਾਨੇਂਟੇ ਦੇ ਇਸ ਮਾਨਤਾ ਪੋਸਟਰ 'ਤੇ ਸੁਰੱਖਿਆ, ਹਮਦਰਦੀ, ਇਮਾਨਦਾਰੀ, ਉੱਤਮਤਾ ਅਤੇ ਕਾਰਗੁਜ਼ਾਰੀ ਵਰਗੀਆਂ ਕਦਰਾਂ ਨੂੰ ਵੀ ਦਰਸਾਇਆ ਗਿਆ ਹੈ। ਵੀਨੀਤ ਭੁੱਲਰ ਦੀ ਇਹ ਪਛਾਣ ਸਿਹਤ ਸੇਵਾ ਦੇ ਖੇਤਰ ਵਿਚ ਸਮਰਪਣ ਅਤੇ ਟੀਮਵਰਕ ਦੀ ਮਹੱਤਤਾ ਨੂੰ ਉਜਾਗਰ ਕਰਦੀ ਹੈ। ਮਰੀਜ਼ਾਂ ਦੀ ਸੰਭਾਲ ਵਿਚ ਛੋਟੇ-ਛੋਟੇ ਸਹਿਯੋਗੀ ਕਦਮ ਵੀ ਵੱਡਾ ਫ਼ਰਕ ਪਾ ਸਕਦੇ ਹਨ। ਇਹ ਮਾਨਤਾ ਸੇਵਾ ਨਾਲ ਜੁੜੇ ਹੋਰ ਕਰਮਚਾਰੀਆਂ ਲਈ ਵੀ ਵੱਡਾ ਹੌਂਸਲਾ ਅਤੇ ਪ੍ਰੇਰਣਾ ਬਣ ਸਕਦੀ ਹੈ।

ਰੋਮਾਂਟਿਕ ਫਿਲਮ 'Itlu Arjuna' ਦਾ ਟ੍ਰੇਲਰ ਜਾਰੀ

ਮੁੰਬਈ
ਸਾਂਝੀ ਸੋਚ ਬਿਊਰੋ

ਤੇਲਗੂ ਸਟਾਰ ਜੂਨੀਅਰ NTR ਨੇ ਬੁੱਧਵਾਰ ਨੂੰ ਨਿਰਦੇਸ਼ਕ ਮਹੇਸ਼ ਉੱਪਲਾ ਦੀ ਆਉਣ ਵਾਲੀ ਰੋਮਾਂਟਿਕ ਫਿਲਮ 'ਇਟਲੂ ਅਰਜੁਨਾ' ਦਾ ਟ੍ਰੇਲਰ ਜਾਰੀ ਕੀਤਾ।

ਇਸ ਫਿਲਮ ਵਿੱਚ ਅਨੀਸ਼ ਅਤੇ ਅਨਸਵਾਰਾ ਰਾਜਨ ਮੁੱਖ ਭੂਮਿਕਾਵਾਂ ਵਿੱਚ ਹਨ।

ਟ੍ਰੇਲਰ ਦੇ ਆਉਣ ਨਾਲ ਪ੍ਰਸ਼ੰਸਕਾਂ ਅਤੇ ਫਿਲਮ ਪ੍ਰੇਮੀਆਂ ਵਿੱਚ ਕਾਫ਼ੀ ਉਤਸ਼ਾਹ ਦੇਖਣ ਨੂੰ ਮਿਲਿਆ।

ਆਪਣੇ ਸੋਸ਼ਲ ਮੀਡੀਆ 'ਤੇ ਫਿਲਮ ਦੇ ਟ੍ਰੇਲਰ ਦਾ ਲਿੰਕ ਸਾਂਝਾ ਕਰਦੇ ਹੋਏ, ਜੂਨੀਅਰ 'ਨ੍ਹ ਨੇ ਲਿਖਿਆ, "ਇਹ ਰਿਹਾ **#ItluArjuna** ਦਾ ਟ੍ਰੇਲਰ। **@anieshforyou,** ਤੁਹਾਡੀ ਪਹਿਲੀ ਫਿਲਮ (ਡੈਬਿਊ) ਬਿਨਾਂ ਇੱਕ ਵੀ ਸ਼ਬਦ ਬੋਲੇ ਬਹੁਤ ਕੁਝ ਕਹਿ ਜਾਂਦੀ ਹੈ, ਅਤੇ ਅਜਿਹਾ ਕਰਨ ਲਈ ਬਹੁਤ ਹਿੰਮਤ ਚਾਹੀਦੀ ਹੈ।

ਆਪਣੀ ਪਹਿਲੀ ਹੀ ਫਿਲਮ ਲਈ ਅਜਿਹਾ ਕਿਰਦਾਰ ਚੁਣਨਾ ਇਹ ਦਰਸਾਉਂਦਾ ਹੈ ਕਿ ਤੁਸੀਂ ਬਾਕੀ ਸਭ ਚੀਜ਼ਾਂ ਨਾਲੋਂ ਕਹਾਣੀ 'ਤੇ ਕਿੰਨਾ ਜ਼ਿਆਦਾ ਵਿਸ਼ਵਾਸ ਰੱਖਦੇ ਹੋ। ਭਰਾ, ਤੁਹਾਨੂੰ ਇਸ ਸ਼ਾਨਦਾਰ ਸ਼ੁਰੂਆਤ ਲਈ ਬਹੁਤ-ਬਹੁਤ ਵਧਾਈ।"





Where Compassion Meets True

LUXURY

Discover an exclusive living experience designed for seniors living with dementia, schizophrenia, bipolar disorder, and complex mental health needs where clinical excellence meets comfort, dignity, and elegance

Refundable deposit of $500,000 with 8% annual interest

Exclusive Long-Term Luxury Living Opportunity

With only **25 exclusive units** available, we offer limited availability for discerning residents seeking long term luxury care through compassionate support and refined living.

Luxury Living with Expert Care

- 24/7 Highly Trained Care Staff
- On-site Senior Psychologist
- Licensed Registered Nurse (RN)
- Regular visits by a psychiatrist and physician

Healing Garden Therapy

Serene outdoor garden designed for relaxation, featuring walking paths, sitting areas, and peaceful natural surrounding that support emotional well-being

Full-Service Lifestyle Assistance

- We schedule all doctor appointments,
- Staff escort residents to medical appointments,
- Transportation for church, shopping and outings.

Music Therapy

Guided therapeutic sessions using soothing music, drumming, and movement to reduce stress, enhance mood, lift spirits, and increase cognitive well-being

Daily Cost Ranges from $250 to $500 Per Day

depending on the level of care required.


St. Michael Assisted Living

Dinuba, CA

Location: Dinuba, CA

Contact: (925) 285-9881 (559) 915-9045

Website: www.stmichaelrcfe.com



DR. HARMESH KUMAR
PRESIDENT, CEO & PSYCHOLOGIST

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ!

ਗੁਰੂ ਰੂਪ ਸਾਧ ਸੰਗਤ ਜੀਓ,

ਸੈਨ ਹੋਜ਼ੇ ਗੁਰਦੁਆਰਾ ਸਾਹਿਬ ਵਿਖੇ **ਨਵੰਬਰ ਮਹੀਨੇ** ਦੌਰਾਨ ਵੱਖ-ਵੱਖ ਧਾਰਮਿਕ ਸਮਾਗਮ, ਗੁਰਪੁਰਬ ਅਤੇ ਵਿਸ਼ੇਸ਼ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

1 ਨਵੰਬਰ 2026
ਐਤਵਾਰ

1984 ਦੇ ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ

1984 ਦੇ ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਇਆ ਜਾਵੇਗਾ। ਆਓ, ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ।



3 ਨਵੰਬਰ 2026
ਮੰਗਲਵਾਰ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਗੱਦੀ ਦਿਵਸ ਮੌਕੇ ਵਿਸ਼ੇਸ਼ ਸਮਾਗਮ

ਇਸ ਮੌਕੇ ਸਵੇਰ ਤੇ ਸ਼ਾਮ ਦੇ ਦੀਵਾਨ ਸਮੇਂ ਕੀਰਤਨ, ਗੁਰਮਤਿ ਵਿਚਾਰ, ਕਥਾ ਅਤੇ ਇਤਿਹਾਸ ਨਾਲ ਸੰਗਤ ਨੂੰ ਜੋੜਿਆ ਜਾਵੇਗਾ।



8 ਨਵੰਬਰ 2026
ਐਤਵਾਰ

ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਪਾਵਨ ਦਿਹਾੜਾ

ਇਸ ਮੌਕੇ ਕੀਰਤਨ ਅਤੇ ਕਥਾ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।
ਸਮਾਂ: ਸਵੇਰੇ 4:30 ਵਜੇ ਤੋਂ ਰਾਤ 9:30 ਵਜੇ ਤੱਕ।



15 ਨਵੰਬਰ 2026
ਐਤਵਾਰ

ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ

ਕੀਰਤਨ, ਕਥਾ ਅਤੇ ਗੁਰਮਤਿ ਵਿਚਾਰਾਂ ਰਾਹੀਂ ਬਾਬਾ ਦੀਪ ਸਿੰਘ ਜੀ ਦੀ ਮਹਾਨ ਸ਼ਹਾਦਤ ਅਤੇ ਸਿੱਖ ਪੰਥ ਲਈ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ।
ਸਮਾਂ: ਸਵੇਰੇ 4 ਵਜੇ ਤੋਂ 10 ਵਜੇ ਤੱਕ ਅਤੇ ਸ਼ਾਮ 4:45 ਵਜੇ ਤੋਂ 8:30 ਵਜੇ ਤੱਕ।



15 ਨਵੰਬਰ 2026
(ਵਿਸ਼ੇਸ਼ ਪ੍ਰੋਗਰਾਮ)
ਐਤਵਾਰ

ਵਿਸ਼ੇਸ਼ ਸਿੱਖ ਇਤਿਹਾਸ ਵਰਚੁਅਲ ਰਿਐਲਿਟੀ ਸ਼ੋਅ

ਇਸੇ ਦਿਨ, ਸੰਗਤ ਲਈ ਇੱਕ ਵਿਸ਼ੇਸ਼ ਸਿੱਖ ਇਤਿਹਾਸ ਵਰਚੁਅਲ ਰਿਐਲਿਟੀ ਸ਼ੋਅ ਵੀ ਕਰਵਾਇਆ ਜਾ ਰਿਹਾ ਹੈ। ਇਸ ਰਾਹੀਂ ਸੰਗਤ ਨੂੰ ਸਿੱਖ ਇਤਿਹਾਸ ਦਾ ਅਨੋਖਾ ਅਨੁਭਵ ਪ੍ਰਾਪਤ ਹੋਵੇਗਾ।
ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ। ਸਥਾਨ: ਲੰਗਰ ਹਾਲ।



15 ਨਵੰਬਰ ਤੋਂ
24 ਨਵੰਬਰ 2026

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ

ਇਹ ਪ੍ਰਭਾਤ ਫੇਰੀਆਂ ਹਰ ਰੋਜ਼ ਸਵੇਰੇ 4:30 ਵਜੇ ਤੋਂ 5:30 ਤੱਕ ਕੱਢੀਆਂ ਜਾਣਗੀਆਂ। ਸੰਗਤਾਂ ਨੂੰ ਇਨ੍ਹਾਂ ਪ੍ਰਭਾਤ ਫੇਰੀਆਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।



20 ਨਵੰਬਰ 2026
ਸ਼ੁੱਕਰਵਾਰ

ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ

ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਵੀ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ।



21 ਨਵੰਬਰ 2026
ਸ਼ਨੀਵਾਰ

ਭਾਈਚਾਰਕ ਏਕਤਾ ਦੇ ਸੰਦੇਸ਼ ਨਾਲ 5K Walk/Run for Humanity

ਦਾਂ ਇੱਕ ਖਾਸ ਪ੍ਰੋਗਰਾਮ ਕਰਵਾਈ ਜਾ ਰਿਹਾਂ ਹੈ।



24 ਨਵੰਬਰ 2026
ਮੰਗਲਵਾਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ ਪੁਰਬ

ਇਸ ਮੌਕੇ ਸਵੇਰੇ 4:30 ਵਜੇ ਤੋਂ 7:45 ਵਜੇ ਤੱਕ ਕੀਰਤਨ, ਕਥਾ ਅਤੇ ਚਾਡੀ ਵਾਰਾਂ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।



ਹਰ ਸੋਮਵਾਰ,
ਮੰਗਲਵਾਰ ਅਤੇ ਵੀਰਵਾਰ

ਗੁਰਦੁਆਰਾ ਸਾਹਿਬ ਦੇ ਸੀਨੀਅਰ ਸਿਟੀਜ਼ਨ ਸੈਂਟਰ ਵੱਲੋਂ ਬਜ਼ੁਰਗਾਂ ਲਈ **WEEKLY GET TOGETHER** ਦਾ ਵੀ ਪ੍ਰਬੰਧ ਕੀਤਾ ਗਿਆ ਹੈ।
ਸਮਾਂ: ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ।



ਸੋ ਸਾਧ ਸੰਗਤ ਜੀਓ, ਨਵੰਬਰ ਮਹੀਨੇ ਦੌਰਾਨ ਹੋਣ ਵਾਲੇ ਇਨ੍ਹਾਂ ਸਾਰੇ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਆਪਣੇ ਪਰਿਵਾਰਾਂ ਸਮੇਤ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ
ਤੁਸੀਂ ਸੰਪਰਕ ਕਰੋ:
408-274-9373

ਸਥਾਨ:
3636 Gurdwara Avenue,
San Jose, California 95148

ਆਓ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੁੜੀਏ,
ਆਪਣੇ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜੀਏ
ਅਤੇ ਗੁਰੂ ਘਰ ਦੀਆਂ ਖੁਸ਼ੀਆਂ ਸਾਂਝੀਆਂ ਕਰੀਏ।

ਬੰਦੀ ਛੋੜ ਦਿਵਸ ਅਤੇ ਦੀਵਾਲੀ ਨੂੰ ਸਮਰਪਿਤ
ਵਿਸ਼ੇਸ਼ ਧਾਰਮਿਕ ਸਮਾਗਮ



ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ



ਆਓ, ਇਸ ਪਾਵਨ ਦਿਹਾੜੇ ਨੂੰ
ਗੁਰਬਾਣੀ, ਕੀਰਤਨ ਅਤੇ ਗੁਰੂ ਸਾਹਿਬ ਦੀਆਂ
ਅਸੀਸਾਂ ਨਾਲ ਹੋਰ ਵੀ ਯਾਦਗਾਰੀ ਬਣਾਈਏ।



8 ਨਵੰਬਰ

ਸ਼ਾਮ 5:00 ਵਜੇ
ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਸ਼ਾਮ 6:00 ਤੋਂ ਰਾਤ 9:00 ਵਜੇ ਤੱਕ
ਵਿਸ਼ੇਸ਼ ਕੀਰਤਨ ਅਤੇ ਕਥਾ ਸਮਾਗਮ

ਕੀਰਤਨ ਅਤੇ ਕਥਾ ਦੀ ਹਾਜ਼ਰੀ



- ਭਾਈ ਹਰਪ੍ਰੀਤ ਸਿੰਘ ਜੀ
- ਭਾਈ ਤਵਨੀਤ ਸਿੰਘ ਜੀ
- ਭਾਈ ਗੁਰਬਚਨ ਸਿੰਘ ਜੀ
- ਗਿਆਨੀ ਅਮਰਜੀਤ ਸਿੰਘ ਜੀ (ਹੈੱਡ ਗ੍ਰੰਥੀ)

ਵਿਸ਼ੇਸ਼ ਸੇਵਾਵਾਂ

Indian Over Restaurant ਦੇ ਰੇਮੀ ਚੀਮਾ ਵੱਲੋਂ ਸੁਆਦੀ ਪਕਵਾਨਾਂ ਦੀ ਸੇਵਾ

ਵੈਲੀ ਪੀਜ਼ਾ ਦੇ ਸ਼ਾਨ ਗਿੱਲ ਵੱਲੋਂ ਪੀਜ਼ਾ ਸੇਵਾ

ਕਕਾਰਾਂ ਅਤੇ ਕੱਪੜਿਆਂ ਦੇ ਸਟਾਲ

ਸੰਗਤਾਂ ਦੀ ਸਹੂਲਤ ਲਈ ਵਿਸ਼ੇਸ਼ ਪਾਰਕਿੰਗ ਪ੍ਰਬੰਧ

ਸਮਾਗਮ ਦਾ ਸਥਾਨ

2301 Evergreen Avenue
West Sacramento, Cal. 95691

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

916-600-1435
916-600-1438

ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਨਿੱਘਾ ਸੱਦਾ।

ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਪੰਜਾਬ ਦੀਆਂ ਪੰਜ ਅਹਿਮ ਮੰਗਾਂ ਬਾਰੇ ਸਪੱਸ਼ਟ ਐਲਾਨ ਕਰੇ- ਡਾ. ਸੁਰਿੰਦਰ ਸਿੰਘ ਗਿੱਲ

ਗੁਰਦਾਸਪੁਰ
ਬਲਵਿੰਦਰ ਬਾਲਮ

ਇੰਟਰਨੈਸ਼ਨਲ ਫੋਰਮ ਯੂ.ਐੱਸ.ਏ ਦੇ ਚੇਅਰਮੈਨ ਅਤੇ ਅੰਬੈਸਡਰ ਫਾਰ ਪੀਸ ਡਾ. ਸੁਰਿੰਦਰ ਸਿੰਘ ਗਿੱਲ ਨੇ ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੇ ਲੋਕਾਂ ਦਾ ਭਰੋਸਾ ਹਾਸਲ ਕਰਨ ਲਈ ਸੂਬੇ ਨਾਲ ਸਬੰਧਤ ਪੰਜ ਅਹਿਮ ਮੰਗਾਂ ਉੱਤੇ ਚੋਣਾਂ ਤੋਂ ਪਹਿਲਾਂ ਠੋਸ ਫ਼ੈਸਲੇ ਲਏ ਜਾਣ।

ਡਾ. ਗਿੱਲ ਨੇ ਕਿਹਾ ਕਿ ਪੰਜਾਬ ਦੇ ਧਾਰਮਿਕ, ਸਮਾਜਿਕ ਅਤੇ ਆਰਥਿਕ ਮਸਲੇ ਲੰਮੇ ਸਮੇਂ ਤੋਂ ਹੱਲ ਦੀ ਉਡੀਕ ਕਰ ਰਹੇ ਹਨ।

ਉਨ੍ਹਾਂ ਅਨੁਸਾਰ ਜੇਕਰ ਭਾਜਪਾ ਪੰਜਾਬ ਵਿੱਚ ਆਪਣਾ ਸਿਆਸੀ ਆਧਾਰ ਮਜ਼ਬੂਤ ਕਰਨਾ ਅਤੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਪੰਜਾਬੀਆਂ ਦੀਆਂ ਭਾਵਨਾਵਾਂ ਅਤੇ ਜ਼ਰੂਰਤਾਂ ਪ੍ਰਤੀ ਆਪਣੀ ਵਚਨਬੱਧਤਾ ਅਮਲੀ ਫ਼ੈਸਲਿਆਂ ਰਾਹੀਂ ਦਰਸਾਉਣੀ ਚਾਹੀਦੀ ਹੈ।

1. ਕਰਤਾਰਪੁਰ ਕੋਰੀਡੋਰ ਅਤੇ ਵਾਹਗਾ ਸਰਹੱਦ ਖੋਲ੍ਹੀ ਜਾਵੇ

ਡਾ. ਗਿੱਲ ਨੇ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਸਿੱਖ ਕੌਮ ਦੀ ਆਸਥਾ ਦਾ ਮਹਾਨ ਕੇਂਦਰ ਹੈ। ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਸ ਪਵਿੱਤਰ ਅਸਥਾਨ ਦੇ ਦਰਸ਼ਨਾਂ ਲਈ ਕਰਤਾਰਪੁਰ ਕੋਰੀਡੋਰ ਦੀ ਆਵਾਜਾਈ ਬਹਾਲ ਕਰਨ ਵਾਸਤੇ ਭਾਰਤ ਅਤੇ ਪਾਕਿਸਤਾਨ ਨੂੰ ਲੋੜੀਂਦੇ ਕੂਟਨੀਤਕ ਅਤੇ ਸੁਰੱਖਿਆ ਪ੍ਰਬੰਧ ਕਰਨੇ ਚਾਹੀਦੇ ਹਨ।

ਇਸੇ ਤਰ੍ਹਾਂ ਵਾਹਗਾ-ਅਟਾਰੀ ਸਰਹੱਦ ਰਾਹੀਂ ਵਪਾਰ ਅਤੇ ਲੋਕਾਂ ਦੀ ਆਵਾਜਾਈ ਮੁੜ ਸ਼ੁਰੂ ਕਰਨ ਲਈ ਯਤਨ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਸਰਹੱਦੀ ਵਪਾਰ ਪੰਜਾਬ ਦੇ ਕਾਰੋਬਾਰੀਆਂ, ਕਿਸਾਨਾਂ, ਟਰਾਂਸਪੋਰਟਰਾਂ ਅਤੇ ਨੌਜਵਾਨਾਂ ਲਈ ਨਵੇਂ ਆਰਥਿਕ ਮੌਕੇ ਪੈਦਾ ਕਰ ਸਕਦਾ ਹੈ।

2. ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ

ਡਾ. ਗਿੱਲ ਨੇ ਮੰਗ ਕੀਤੀ ਕਿ ਜਿਹੜੇ ਬੰਦੀ ਸਿੰਘ ਆਪਣੀਆਂ ਅਦਾਲਤੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਉਨ੍ਹਾਂ ਦੇ ਮਾਮਲਿਆਂ ਦੀ ਕਾਨੂੰਨ ਅਨੁਸਾਰ ਤੁਰੰਤ ਸਮੀਖਿਆ ਕਰਕੇ ਰਿਹਾਈ ਸਬੰਧੀ ਫ਼ੈਸਲੇ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿੱਖ ਭਾਈਚਾਰੇ ਦੀਆਂ ਲੰਮੇ ਸਮੇਂ ਤੋਂ ਚੱਲ ਰਹੀਆਂ ਮੰਗਾਂ ਵਿੱਚ ਸ਼ਾਮਲ ਹੈ। ਕੇਂਦਰ ਅਤੇ ਸਬੰਧਤ ਰਾਜ ਸਰਕਾਰਾਂ ਨੂੰ ਕਾਨੂੰਨੀ ਪ੍ਰਕਿਰਿਆ, ਮਨੁੱਖੀ ਅਧਿਕਾਰਾਂ ਅਤੇ ਨਿਆਂ ਦੇ ਸਿਧਾਂਤਾਂ ਨੂੰ ਧਿਆਨ ਵਿੱਚ ਰੱਖਦਿਆਂ ਇਸ ਦਾ ਹੱਲ ਕੱਢਣਾ ਚਾਹੀਦਾ ਹੈ।

3. ਨਸ਼ਾ ਮੁਕਤ ਪੰਜਾਬ ਲਈ ਵਿਸ਼ੇਸ਼ ਨੀਤੀ ਅਤੇ ਡਰਾਈ ਸਟੇਟ ਦੇ ਵਿਕਲਪ ਉੱਤੇ ਵਿਚਾਰ

ਡਾ. ਗਿੱਲ ਨੇ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਉੱਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਦੀ ਸੁਰੱਖਿਆ ਲਈ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਸਾਂਝੀ, ਸਮਾਂਬੱਧ ਨਸ਼ਾ ਮੁਕਤੀ ਯੋਜਨਾ ਬਣਾਉਣੀ ਚਾਹੀਦੀ ਹੈ।

ਉਨ੍ਹਾਂ ਪੰਜਾਬ ਨੂੰ ਡਰਾਈ ਸਟੇਟ ਐਲਾਨਣ ਦੇ ਵਿਕਲਪ ਉੱਤੇ ਵੀ ਗੰਭੀਰ ਵਿਚਾਰ ਕਰਨ ਦੀ ਮੰਗ ਕੀਤੀ।

ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਪਲਾਈ ਰੋਕਣ ਦੇ ਨਾਲ-ਨਾਲ ਇਲਾਜ, ਮੁੜ ਵਸੇਬਾ, ਰੁਜ਼ਗਾਰ ਅਤੇ ਨੌਜਵਾਨਾਂ ਲਈ ਖੇਡ ਸਹੂਲਤਾਂ ਦਾ ਵਿਸਥਾਰ ਕਰਨਾ ਵੀ ਜ਼ਰੂਰੀ ਹੈ।

4. ਪੰਜਾਬ ਲਈ ਵਿਸ਼ੇਸ਼ ਆਰਥਿਕ ਪੈਕੇਜ

ਡਾ. ਗਿੱਲ ਨੇ ਕਿਹਾ ਕਿ ਪੰਜਾਬ ਦੀ ਖੇਤੀਬਾੜੀ, ਉਦਯੋਗ, ਛੋਟੇ ਕਾਰੋਬਾਰ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੇਂਦਰ ਸਰਕਾਰ ਵਿਸ਼ੇਸ਼ ਆਰਥਿਕ ਪੈਕੇਜ ਦਾ ਐਲਾਨ ਕਰੇ।

ਉਨ੍ਹਾਂ ਅਨੁਸਾਰ ਇਸ ਪੈਕੇਜ ਵਿੱਚ ਖੇਤੀ ਆਧਾਰਿਤ ਉਦਯੋਗਾਂ, ਨਵੀਆਂ ਫੈਕਟਰੀਆਂ, ਸਰਹੱਦੀ ਜ਼ਿਲ੍ਹਿਆਂ ਦੇ ਵਿਕਾਸ, ਨੌਜਵਾਨਾਂ ਦੇ ਰੁਜ਼ਗਾਰ ਅਤੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਪ੍ਰਬੰਧ ਹੋਣੇ ਚਾਹੀਦੇ ਹਨ।

5. ਕਰਜ਼ਾ ਮੁਕਤ ਪੰਜਾਬ ਲਈ ਠੋਸ ਯੋਜਨਾ

ਡਾ. ਗਿੱਲ ਨੇ ਪੰਜਾਬ ਦੇ ਸਰਕਾਰੀ ਕਰਜ਼ੇ ਨੂੰ ਇੱਕ ਗੰਭੀਰ ਆਰਥਿਕ ਚੁਣੌਤੀ ਦੱਸਦਿਆਂ ਮੰਗ ਕੀਤੀ ਕਿ ਕੇਂਦਰ ਸਰਕਾਰ ਸੂਬੇ ਨਾਲ ਮਿਲ ਕੇ ਕਰਜ਼ੇ ਦੇ ਪੁਨਰਗਠਨ, ਵਿਆਜ ਦੇ ਬੋਝ ਵਿੱਚ ਰਾਹਤ ਅਤੇ ਵਿੱਤੀ ਸੁਧਾਰਾਂ ਲਈ ਵਿਸ਼ੇਸ਼ ਯੋਜਨਾ ਤਿਆਰ ਕਰੇ।

ਉਨ੍ਹਾਂ ਕਿਹਾ ਕਿ ਕਰਜ਼ਾ ਮੁਕਤ ਪੰਜਾਬ ਦਾ ਟੀਚਾ ਸਿਰਫ਼ ਚੋਣ ਵਾਅਦਾ ਨਹੀਂ, ਸਗੋਂ ਇੱਕ ਲੰਮੇ ਸਮੇਂ ਦੀ ਆਰਥਿਕ ਨੀਤੀ ਹੋਣੀ ਚਾਹੀਦੀ ਹੈ, ਜਿਸ ਨਾਲ ਸੂਬੇ ਦੀ ਆਮਦਨ ਵਧੇ ਅਤੇ ਵਿਕਾਸ ਕਾਰਜਾਂ ਲਈ ਵਧੇਰੇ ਸਰੋਤ ਉਪਲਬਧ ਹੋ ਸਕਣ।

ਭਾਜਪਾ ਦੀ ਕੇਂਦਰੀ ਲੀਡਰਸ਼ਿਪ ਪੰਜਾਬ ਦੇ ਮਸਲਿਆਂ ਉੱਤੇ ਆਪਣਾ ਰੁਖ ਸਪੱਸ਼ਟ ਕਰੇ

ਡਾ. ਸੁਰਿੰਦਰ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਸਿਰਫ਼ ਐਲਾਨਾਂ ਦੀ ਬਜਾਏ ਉਨ੍ਹਾਂ ਨੂੰ ਲਾਗੂ ਕਰਨ ਦੀ ਸਮਾਂਬੱਧ ਯੋਜਨਾ ਦੇਖਣਾ ਚਾਹੁੰਦੇ ਹਨ। ਉਨ੍ਹਾਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੂੰ ਅਪੀਲ ਕੀਤੀ ਕਿ ਪੰਜਾਬ ਦੀਆਂ ਇਨ੍ਹਾਂ ਪੰਜ ਮੰਗਾਂ ਬਾਰੇ ਚੋਣਾਂ ਤੋਂ ਪਹਿਲਾਂ ਆਪਣੀ ਨੀਤੀ, ਵਿੱਤੀ ਪ੍ਰਬੰਧ ਅਤੇ ਕਾਰਵਾਈ ਦੀ ਸਮਾਂ-ਸੀਮਾ ਜਨਤਕ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਖੁਸ਼ਹਾਲੀ, ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ, ਨੌਜਵਾਨਾਂ ਦਾ ਭਵਿੱਖ ਅਤੇ ਸੂਬੇ ਦੀ ਆਰਥਿਕ ਮਜ਼ਬੂਤੀ ਅਜਿਹੇ ਮੁੱਦੇ ਹਨ ਜਿਨ੍ਹਾਂ ਉੱਤੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਗੰਭੀਰਤਾ ਨਾਲ ਕੰਮ ਕਰਨਾ ਚਾਹੀਦਾ ਹੈ।

ਅੰਤ ਵਿੱਚ ਡਾ. ਗਿੱਲ ਨੇ ਕਿਹਾ ਕਿ ਪੰਜਾਬ ਨੂੰ ਸਿਆਸੀ ਵਾਅਦਿਆਂ ਨਾਲੋਂ ਵੱਧ ਇਨਸਾਫ਼, ਆਰਥਿਕ ਰਾਹਤ, ਧਾਰਮਿਕ ਆਜ਼ਾਦੀ ਅਤੇ ਨਸ਼ਾ ਮੁਕਤ ਭਵਿੱਖ ਦੀ ਲੋੜ ਹੈ।

ਇਨ੍ਹਾਂ ਪੰਜ ਮੰਗਾਂ ਉੱਤੇ ਠੋਸ ਕਾਰਵਾਈ ਪੰਜਾਬ ਅਤੇ ਕੇਂਦਰ ਵਿਚਕਾਰ ਵਿਸ਼ਵਾਸ ਵਧਾਉਣ ਵੱਲ ਮਹੱਤਵਪੂਰਨ ਕਦਮ ਹੋ ਸਕਦੀ ਹੈ।

ਭਾਰਤ ਅਤੇ ਫਰਾਂਸ ਨੇ ਜਲਵਾਯੂ ਵਿੱਤ ਅਤੇ ਸੀਓਪੀ 31 ਦੀਆਂ ਤਰਜੀਹਾਂ 'ਤੇ ਕੀਤੀ ਚਰਚਾ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਭਾਰਤ ਅਤੇ ਫਰਾਂਸ ਨੇ ਮੰਗਲਵਾਰ ਨੂੰ ਜੈਵ ਵਿਭਿੰਨਤਾ ਦੀ ਸੰਭਾਲ, ਊਰਜਾ ਤਬਦੀਲੀ, ਜਲਵਾਯੂ ਵਿੱਤ ਅਤੇ ਸੀਓਪੀ31 ਦੀਆਂ ਤਰਜੀਹਾਂ 'ਤੇ ਚਰਚਾ ਕੀਤੀ। ਇਸ ਦੇ ਨਾਲ ਹੀ, ਦੋਵਾਂ ਦੇਸ਼ਾਂ ਨੇ 'ਇੰਟਰਨੈਸ਼ਨਲ ਸੋਲਰ ਅਲਾਇੰਸ' ਅਤੇ 'ਕੋਲੀਸ਼ਨ ਫਾਰ ਡਿਜ਼ਾਸਟਰ ਰੈਜ਼ੀਲੀਐਂਟ ਇਨਫਰਾਸਟ੍ਰਕਚਰ' ਰਾਹੀਂ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਆਪਣੀ ਵਚਨਬੱਧਤਾ ਦੁਹਰਾਈ।

ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ 'ਐਕਸ' (ਟਵਿੱਟਰ) 'ਤੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਨੇ ਫਰਾਂਸ ਦੇ 'ਈਕੋਲੋਜੀਕਲ ਟ੍ਰਾਂਜ਼ਿਸ਼ਨ' (ਵਾਤਾਵਰਣਕ ਤਬਦੀਲੀ) ਲਈ ਨਿਯੁਕਤ ਮੰਤਰੀ ਮੈਥਿਊ ਲੇਫੇਵਰ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੱਸਿਆ ਕਿ ਮੁਲਾਕਾਤ ਦੌਰਾਨ ਜੈਵ ਵਿਭਿੰਨਤਾ ਦੀ ਸੰਭਾਲ, ਊਰਜਾ ਤਬਦੀਲੀ, ਜਲਵਾਯੂ ਵਿੱਤ ਅਤੇ ਸੀਓਪੀ31 ਦੀਆਂ ਤਰਜੀਹਾਂ ਸਮੇਤ ਆਪਸੀ ਦਿਲਚਸਪੀ ਦੇ ਵੱਖ-ਵੱਖ ਵਿਸ਼ਿਆਂ 'ਤੇ ਚਰਚਾ ਕੀਤੀ ਗਈ। ਫਰਾਂਸੀਸੀ ਮੰਤਰੀ ਇਸ ਸਮੇਂ ਨਵੀਂ ਦਿੱਲੀ ਵਿੱਚ ਹਨ, ਜਿੱਥੇ ਉਹ 'ਭਾਰਤ ਰੀਨਿਊਏਬਲ ਐਨਰਜੀ ਸਮਿਟ 2026' ਦੇ ਹਿੱਸੇ ਵਜੋਂ ਆਯੋਜਿਤ 'ਇੰਟਰਨੈਸ਼ਨਲ ਸੋਲਰ ਅਲਾਇੰਸ' ਅਸੈਂਬਲੀ ਦੇ ਨੌਵੇਂ ਸੈਸ਼ਨ ਵਿੱਚ ਹਿੱਸਾ ਲੈ ਰਹੇ ਹਨ। ਮੰਗਲਵਾਰ ਨੂੰ ਫਰਾਂਸ ਨੂੰ ਦੁਬਾਰਾ 'ਇੰਟਰਨੈਸ਼ਨਲ ਸੋਲਰ ਅਲਾਇੰਸ' ਦਾ ਸਹਿ-ਪ੍ਰਧਾਨ ਚੁਣਿਆ ਗਿਆ। ਸਿੰਘ ਨੇ ਕਿਹਾ, "ਅਸੀਂ 'ਇੰਟਰਨੈਸ਼ਨਲ ਸੋਲਰ ਅਲਾਇੰਸ' ਅਤੇ 'ਕੋਲੀਸ਼ਨ ਫਾਰ ਡਿਜ਼ਾਸਟਰ ਰੈਜ਼ੀਲੀਐਂਟ ਇਨਫਰਾਸਟ੍ਰਕਚਰ' ਰਾਹੀਂ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹਾਂ।"



ਫਰਾਂਸ ਦੇ ਦੁਬਾਰਾ ਚੁਣੇ ਜਾਣ 'ਤੇ ਖੁਸ਼ੀ ਜ਼ਾਹਰ ਕਰਦਿਆਂ, ਲੇਫੇਵਰ ਨੇ ਇਸ ਗਠਜੋੜ ਵਿੱਚ ਫਰਾਂਸ ਦੀ ਭੂਮਿਕਾ ਲਈ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੂੰ ਸਿਹਰਾ ਦਿੱਤਾ।

ਲੇਫੇਵਰ ਨੇ 'ਐਕਸ' 'ਤੇ ਲਿਖਿਆ, "ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਫਰਾਂਸ ਨੂੰ 'ਇੰਟਰਨੈਸ਼ਨਲ ਸੋਲਰ ਅਲਾਇੰਸ' ਦਾ ਸਹਿ-ਪ੍ਰਧਾਨ ਦੁਬਾਰਾ ਚੁਣਿਆ ਗਿਆ ਹੈ। ਫਰਾਂਸ ਸੂਰਜੀ ਊਰਜਾ ਦੇ ਵਿਕਾਸ ਵਿੱਚ ਇੱਕ ਵਿਸ਼ਵਵਿਆਪੀ ਆਗੂ ਵਜੋਂ ਇਸ ਗੱਠਜੋੜ ਦਾ ਸਮਰਥਨ ਕਰਨਾ ਜਾਰੀ ਰੱਖੇਗਾ, ਜਿਵੇਂ ਕਿ ਇਹ 2018 ਤੋਂ ਇਮੈਨੁਅਲ ਮੈਕਰੋਨ ਦੀ ਅਗਵਾਈ ਅਤੇ ਪ੍ਰੇਰਨਾ ਹੇਠ ਕਰਦਾ ਆ ਰਿਹਾ ਹੈ।"ਭਾਰਤ ਵਿੱਚ ਫਰਾਂਸੀਸੀ ਦੂਤਾਵਾਸ ਨੇ ਦੱਸਿਆ ਕਿ ਇਸ ਅਸੈਂਬਲੀ ਦੀ ਸਹਿ-ਪ੍ਰਧਾਨਗੀ ਲੇਫੇਵਰ ਅਤੇ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਦੁਆਰਾ ਕੀਤੀ ਜਾ ਰਹੀ ਹੈ। ਦੂਤਾਵਾਸ ਨੇ ਕਿਹਾ, "120 ਤੋਂ ਵੱਧ ਦੇਸ਼। ਇੱਕ ਸੂਰਜ। ਇੱਕ ਮਿਸ਼ਨ। 'ਇੰਟਰਨੈਸ਼ਨਲ ਸੋਲਰ ਅਲਾਇੰਸ' ਅਸੈਂਬਲੀ ਦਿੱਲੀ ਵਿੱਚ ਜਗਮਗਾ ਰਹੀ ਹੈ, ਜਿਸ ਦੀ ਸਹਿ-ਪ੍ਰਧਾਨਗੀ ਫਰਾਂਸੀਸੀ ਮੰਤਰੀ ਮੈਥਿਊ ਲੇਫ "ਅੱਜ ਅਤੇ ਕੱਲ੍ਹ ਨਵੀਂ ਦਿੱਲੀ ਵਿੱਚ ਅੰਤਰਰਾਸ਼ਟਰੀ ਸੋਲਰ ਅਲਾਇੰਸ ਅਸੈਂਬਲੀ ਦੇ 9ਵੇਂ ਸੈਸ਼ਨ ਵਿੱਚ ਸ਼ਾਮਲ ਹੋਣ ਅਤੇ ਭਾਰਤ ਨਵਿਆਉਣਯੋਗ ਊਰਜਾ ਸੰਮੇਲਨ ਵਿੱਚ ਹਿੱਸਾ ਲੈਣ ਲਈ। ਉੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਦੇ ਯੋਗ ਹੋ ਕੇ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਗਣਰਾਜ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੁਆਰਾ ਸਥਾਪਿਤ ਰਣਨੀਤਕ ਭਾਈਵਾਲੀ ਲਈ ਧੰਨਵਾਦ, ਫਰਾਂਸ ਊਰਜਾ ਤਬਦੀਲੀ ਨੂੰ ਤੇਜ਼ ਕਰਨ ਲਈ ਆਪਣੀ ਵਚਨਬੱਧਤਾ ਜਾਰੀ ਰੱਖਦਾ ਹੈ," ਉਸਨੇ ਕਿਹਾ ਸੀ। "ਅੰਤਰਰਾਸ਼ਟਰੀ ਸੋਲਰ ਅਲਾਇੰਸ ਦੇ ਸਹਿ-ਪ੍ਰਧਾਨ ਵਜੋਂ ਫਰਾਂਸ ਭਾਰਤ ਅਤੇ 'ਇੰਟਰਨੈਸ਼ਨਲ ਸੋਲਰ ਅਲਾਇੰਸ' ਮੈਂਬਰਾਂ ਨਾਲ ਗਲੋਬਲ ਸਾਫ਼ ਊਰਜਾ ਤਬਦੀਲੀ ਨੂੰ ਉਤਸ਼ਾਹਿਤ ਕਰਦਾ ਹੈ," ਫਰਾਂਸੀਸੀ ਦੂਤਾਵਾਸ ਨੇ ਕਿਹਾ ਸੀ।

ਅਗਨੀਵੀਰਾਂ ਦੇ ਕਾਰਜਕਾਲ 'ਚ 2 ਸਾਲ ਦਾ ਵਾਧਾ: ਹੁਣ 4 ਸਾਲ ਦੀ ਬਜਾਏ 6 ਸਾਲ ਤੱਕ ਕਰ ਸਕਣਗੇ ਫ਼ੌਜ ਵਿੱਚ ਨੌਕਰੀ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਚੀਫ਼ ਆਫ਼ ਡਿਫੈਂਸ ਸਟਾਫ ਜਨਰਲ ਐੱਨ.ਐੱਸ. ਰਾਜਾ ਸੁਬਰਮਣੀ ਨੇ ਬੁੱਧਵਾਰ ਨੂੰ ਅਗਨੀਵੀਰਾਂ ਦੇ ਸੇਵਾ ਕਾਰਜਕਾਲ ਵਿੱਚ 2 ਸਾਲ ਦਾ ਵਾਧਾ ਕਰਨ ਦਾ ਐਲਾਨ ਕੀਤਾ। ਅਗਨੀਵੀਰ ਹੁਣ 4 ਸਾਲ ਦੀ ਬਜਾਏ 6 ਸਾਲ ਤੱਕ ਫ਼ੌਜ ਵਿੱਚ ਨੌਕਰੀ ਕਰ ਸਕਣਗੇ। ਇਸ ਦਾ ਲਾਭ ਉਨ੍ਹਾਂ 75 ਫ਼ੀਸਦੀ ਅਗਨੀਵੀਰਾਂ ਨੂੰ ਮਿਲੇਗਾ, ਜਿਨ੍ਹਾਂ ਨੂੰ ਪਹਿਲਾਂ ਚਾਰ ਸਾਲ ਬਾਅਦ ਸੇਵਾ ਛੱਡਣੀ ਪੈਂਦੀ ਸੀ।

ਮੌਜੂਦਾ ਸਮੇਂ ਵਿੱਚ, ਹਰੇਕ ਬੈਚ ਦੇ 25% ਅਗਨੀਵੀਰਾਂ ਨੂੰ ਚਾਰ ਸਾਲਾਂ ਬਾਅਦ ਯੋਗਤਾ (ਮੈਰਿਟ) ਦੇ ਆਧਾਰ 'ਤੇ ਨਿਯਮਤ ਹਥਿਆਰਬੰਦ ਸੈਨਾਵਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਜਦਕਿ ਬਾਕੀ 75% ਨੂੰ ਸੇਵਾ ਤੋਂ ਹਟਣਾ ਪੈਂਦਾ ਹੈ। 25% ਅਗਨੀਵੀਰਾਂ ਨੂੰ ਸਥਾਈ ਸੇਵਾ ਵਿੱਚ ਸ਼ਾਮਲ ਕਰਨ ਦੀ ਮੌਜੂਦਾ ਵਿਵਸਥਾ ਲਾਗੂ ਰਹੇਗੀ। ਬਾਕੀ 75 ਫ਼ੀਸਦੀ ਅਗਨੀਵੀਰਾਂ ਨੂੰ ਉਨ੍ਹਾਂ ਦੀ ਸਹਿਮਤੀ ਨਾਲ ਦੋ ਸਾਲ ਹੋਰ ਨੌਕਰੀ ਕਰਨ ਦਾ ਮੌਕਾ ਮਿਲੇਗਾ।

ਇਸ ਦੌਰਾਨ ਉਨ੍ਹਾਂ ਨੂੰ ਵਧੀ ਹੋਈ ਤਨਖ਼ਾਹ ਅਤੇ ਭੱਤੇ ਵੀ ਦਿੱਤੇ ਜਾਣਗੇ। 6 ਸਾਲ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਵੀ ਜਿਹੜੇ ਅਗਨੀਵੀਰ ਫ਼ੌਜ ਵਿੱਚ ਨੌਕਰੀ ਜਾਰੀ ਰੱਖਣਾ ਚਾਹੁੰਦੇ ਹਨ, ਉਨ੍ਹਾਂ ਨੂੰ ਚੋਣ ਪ੍ਰਕਿਰਿਆ ਵਿੱਚੋਂ ਲੰਘਣਾ ਪਵੇਗਾ। ਫਿਲਹਾਲ ਦੇਸ਼ ਦੀਆਂ ਤਿੰਨਾਂ ਸੈਨਾਵਾਂ ਵਿੱਚ ਕਰੀਬ 3.18 ਲੱਖ ਅਗਨੀਵੀਰ ਸੇਵਾ ਨਿਭਾਅ ਰਹੇ ਹਨ।



ੴ

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥



In Loving Memory

AJIT KAUR

May 1954 – Aug 2026

With heavy hearts, we ask that you please join us
as we commemorate her life and pay our final respects.

Funeral Service

Friday, November 6, 2026
11:00 AM – 1:00 PM
Lakewood Funeral Home & Memorial Park
900 Santa Fe Avenue, Hughson, CA 95326

Sehaj Paath

1:00 PM
Gurdwara Sahib Modesto
5743 E. Hatch Road, Hughson, CA 95326

Forever loved, deeply missed, and always in our hearts.

ਅਮਰੀਕੀ ਚੋਣਾਂ 'ਚ ਡੈਮੋਕ੍ਰੇਟਸ ਵੱਲੋਂ ਕਾਂਗਰਸ ਦੇ ਦੋਵੇਂ ਸਦਨਾਂ 'ਤੇ ਕਬਜ਼ਾ: ਕੈਲੀਫੋਰਨੀਆ 'ਚ ਵੀ ਅਹਿਮ ਫ਼ੈਸਲੇ

ਫੈਡਰਲ ਨਤੀਜਾ: ਡੈਮੋਕ੍ਰੇਟਸ ਨੇ ਹਾਊਸ ਅਤੇ ਸੈਨੇਟ ਜਿੱਤੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

3 ਨਵੰਬਰ 2026 ਨੂੰ ਹੋਈਆਂ ਅਮਰੀਕੀ ਮਿਡਟਰਮ ਚੋਣਾਂ ਵਿਚ ਡੈਮੋਕ੍ਰੇਟਿਕ ਪਾਰਟੀ ਨੇ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਅਤੇ ਸੈਨੇਟ ਦੋਵੇਂ ਸਦਨਾਂ ਦਾ ਕੰਟਰੋਲ ਹਾਸਲ ਕਰ ਲਿਆ ਹੈ। ਇਸ ਜਿੱਤ ਨਾਲ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਲ ਦੇ ਬਾਕੀ ਦੋ ਸਾਲਾਂ ਦੌਰਾਨ ਉਨ੍ਹਾਂ ਦੇ ਕਾਨੂੰਨੀ ਏਜੰਡੇ, ਨਿਯੁਕਤੀਆਂ ਅਤੇ ਪ੍ਰਸ਼ਾਸਨ ਦੇ ਕੰਮਕਾਜ ਉੱਤੇ ਕਾਂਗਰਸ ਦੀ ਨਿਗਰਾਨੀ ਵਧੇਗੀ। 4 ਨਵੰਬਰ ਨੂੰ ਕੁਝ ਹਲਕਿਆਂ ਵਿਚ ਵੋਟਾਂ ਦੀ ਗਿਣਤੀ ਹਾਲੇ ਚੱਲ ਰਹੀ ਸੀ, ਇਸ ਲਈ ਕੁੱਲ ਸੀਟਾਂ ਦੇ ਅੰਤਿਮ ਅੰਕੜੇ ਬਦਲ ਸਕਦੇ ਹਨ। ਪਰ ਦੋਵੇਂ ਸਦਨਾਂ ਦਾ ਕੰਟਰੋਲ ਡੈਮੋਕ੍ਰੇਟਸ ਕੋਲ ਜਾਣਾ ਸਪੱਸ਼ਟ ਹੋ ਗਿਆ ਹੈ।

ਸੈਨੇਟ ਵਿਚ ਡੈਮੋਕ੍ਰੇਟਸ ਨੇ ਘੱਟੋ-ਘੱਟ ਸੱਤ ਸੀਟਾਂ ਜਿੱਤੀਆਂ ਜਾਂ ਆਪਣੇ ਹੱਕ ਵਿਚ ਪਲਟੀਆਂ। ਇਨ੍ਹਾਂ ਵਿਚ ਕੈਨਸਸ, ਆਇਓਵਾ, ਟੈਕਸਸ, ਓਹਾਇਓ, ਮੇਨ, ਨੌਰਥ ਕੈਰੋਲੀਨਾ ਅਤੇ ਸਾਊਥ ਕੈਰੋਲੀਨਾ ਸ਼ਾਮਲ ਹਨ। ਇਨ੍ਹਾਂ ਵਿਚੋਂ ਕਈ ਰਾਜਾਂ ਵਿਚ ਰਿਪਬਲਿਕਨ ਪਾਰਟੀ ਨੂੰ ਪਹਿਲਾਂ ਮਜ਼ਬੂਤ ਸਮਰਥਨ ਮਿਲਦਾ ਰਿਹਾ ਹੈ। ਡੈਮੋਕ੍ਰੇਟਸ ਨੇ ਜਾਰਜੀਆ ਅਤੇ ਮਿਸ਼ੀਗਨ ਵਰਗੇ ਮੁਕਾਬਲੇ ਵਾਲੇ ਰਾਜਾਂ 'ਚ ਆਪਣੀਆਂ ਸੀਟਾਂ ਵੀ ਬਚਾਈਆਂ। ਹਾਊਸ ਵਿਚ ਪਾਰਟੀ ਨੇ ਦੋ ਦਰਜਨ ਤੋਂ ਵੱਧ ਸੀਟਾਂ ਜਿੱਤੀਆਂ। ਕੁਝ ਹਲਕੇ ਅਜਿਹੇ ਸਨ, ਜਿੱਥੇ 2024 ਵਿਚ ਰਾਸ਼ਟਰਪਤੀ ਟਰੰਪ ਨੇ ਵੱਡੇ ਫ਼ਰਕ ਨਾਲ ਜਿੱਤ ਪ੍ਰਾਪਤ ਕੀਤੀ ਸੀ।

ਨਵੀਂ ਕਾਂਗਰਸ ਵਿਚ ਡੈਮੋਕ੍ਰੇਟਸ ਬਿੱਲਾਂ ਨੂੰ ਰੋਕ ਸਕਣਗੇ, ਰਾਸ਼ਟਰਪਤੀ ਦੀਆਂ ਨਿਯੁਕਤੀਆਂ ਦੀ ਸਮੀਖਿਆ ਕਰ ਸਕਣਗੇ ਅਤੇ ਸਰਕਾਰ ਦੇ ਕੰਮਾਂ ਬਾਰੇ ਜਾਂਚ ਜਾਂ ਸੁਣਵਾਈ ਕਰਵਾ ਸਕਣਗੇ। ਹਾਲਾਂਕਿ ਅਲਾਸਕਾ ਦੀ ਸੈਨੇਟ ਚੋਣ ਅਤੇ ਕੁਝ ਹਾਊਸ ਮੁਕਾਬਲਿਆਂ ਦੇ ਨਤੀਜੇ ਉਸ ਵੇਲੇ ਤੱਕ ਐਲਾਨੇ ਨਹੀਂ ਗਏ ਸਨ। ਇਸ ਲਈ ਅੰਤਿਮ ਸੀਟਾਂ ਦੀ ਗਿਣਤੀ ਸਰਕਾਰੀ ਤੌਰ 'ਤੇ ਵੋਟਾਂ ਦੀ ਗਿਣਤੀ ਅਤੇ ਪ੍ਰਮਾਣੀਕਰਨ ਤੋਂ ਬਾਅਦ ਹੀ ਤੈਅ ਹੋਵੇਗੀ।

ਇਸ ਚੋਣ ਵਿਚ ਕੁਝ ਇਤਿਹਾਸਕ ਜਿੱਤਾਂ ਵੀ ਹੋਈਆਂ। ਮਿਸ਼ੀਗਨ ਤੋਂ ਡੈਮੋਕ੍ਰੇਟ ਅਬਦੁਲ ਐਲ-ਸਈਦ ਸੈਨੇਟ ਲਈ ਜਿੱਤੇ। ਉਹ ਅਮਰੀਕੀ ਸੈਨੇਟ ਵਿਚ ਪਹੁੰਚਣ ਵਾਲੇ ਪਹਿਲੇ ਮੁਸਲਮਾਨ ਬਣਨ ਜਾ ਰਹੇ ਹਨ। ਮਿਨੀਸੋਟਾ ਤੋਂ ਪੈਗੀ ਫਲੈਨਾਗਨ ਦੀ ਜਿੱਤ ਨਾਲ ਉਹ ਸੈਨੇਟ ਲਈ ਚੁਣੀ ਜਾਣ ਵਾਲੀ ਪਹਿਲੀ ਮੂਲ ਅਮਰੀਕੀ ਮਹਿਲਾ ਬਣਨਗੇ। ਹਾਊਸ ਵਿਚ ਡੈਮੋਕ੍ਰੇਟਿਕ ਆਗੂ ਹਕੀਮ ਜੈਫਰੀਜ਼ ਨਵੀਂ ਕਾਂਗਰਸ ਵਿਚ ਸਪੀਕਰ ਬਣਨ ਦੀ ਦੌੜ ਵਿਚ ਅੱਗੇ ਹਨ।

ਡੈਮੋਕ੍ਰੇਟਸ ਨੇ ਜਾਰਜੀਆ, ਓਹਾਇਓ, ਆਇਓਵਾ ਅਤੇ ਟੈਕਸਸ ਵਿਚ ਗਵਰਨਰ ਦੀਆਂ ਚੋਣਾਂ ਵੀ ਜਿੱਤੀਆਂ। ਇਸ ਨਾਲ ਪਾਰਟੀ ਦੀ ਪਹੁੰਚ ਫੈਡਰਲ ਸਰਕਾਰ ਦੇ ਨਾਲ-ਨਾਲ ਰਾਜ ਪੱਧਰ 'ਤੇ ਵੀ ਵਧੀ ਹੈ। ਵੋਟਰਾਂ ਨੇ ਮਹਿੰਗਾਈ, ਰੋਜ਼ਾਨਾ ਖ਼ਰਚੇ, ਅਰਥਵਿਵਸਥਾ, ਈਰਾਨ ਨਾਲ ਜੰਗ ਅਤੇ ਸਰਕਾਰ ਵਿਚ ਭ੍ਰਿਸ਼ਟਾਚਾਰ ਦੀਆਂ ਚਿੰਤਾਵਾਂ ਨੂੰ ਅਹਿਮ ਮੁੱਦੇ ਦੱਸਿਆ। ਐਸੋਸੀਏਟਿਡ ਪ੍ਰੈੱਸ ਦੀ ਵੋਟਰ ਪੋਲ ਮੁਤਾਬਕ ਕਈ ਵੋਟਰ ਚਾਹੁੰਦੇ ਸਨ ਕਿ ਕਾਂਗਰਸ ਰਾਸ਼ਟਰਪਤੀ ਦੇ ਕੰਮਕਾਜ 'ਤੇ ਹੋਰ ਨਿਗਰਾਨੀ ਕਰੇ। ਟਰੰਪ ਨੇ ਜਿੱਤਣ ਵਾਲੇ ਡੈਮੋਕ੍ਰੇਟਸ ਨੂੰ ਵਧਾਈ ਦਿੱਤੀ, ਪਰ ਕਿਹਾ ਕਿ ਉਹ ਨਤੀਜੇ ਨੂੰ ਆਪਣੇ ਰਾਸ਼ਟਰਪਤੀ ਕਾਰਜਕਾਲ ਖ਼ਿਲਾਫ਼ ਫ਼ੈਸਲਾ ਨਹੀਂ ਮੰਨਦੇ।

ਜ਼ੇਵੀਅਰ ਬਸੇਰਾ ਨੇ ਜਿੱਤੀ ਕੈਲੀਫੋਰਨੀਆ ਗਵਰਨਰ ਦੀ ਚੋਣ

ਕੈਲੀਫੋਰਨੀਆ ਵਿਚ ਡੈਮੋਕ੍ਰੇਟਿਕ ਉਮੀਦਵਾਰ ਜ਼ੇਵੀਅਰ ਬਸੇਰਾ ਨੇ ਰਿਪਬਲਿਕਨ ਸਟੀਵ ਹਿਲਟਨ ਨੂੰ ਹਰਾ ਕੇ ਗਵਰਨਰ ਦੀ ਚੋਣ ਜਿੱਤੀ। ਇਸ ਜਿੱਤ ਨਾਲ ਬਸੇਰਾ 150 ਸਾਲਾਂ ਤੋਂ ਵੱਧ ਸਮੇਂ ਵਿਚ ਕੈਲੀਫੋਰਨੀਆ ਦੇ ਪਹਿਲੇ ਲਾਤੀਨੋ ਗਵਰਨਰ ਬਣਨਗੇ। ਐਸੋਸੀਏਟਿਡ ਪ੍ਰੈੱਸ ਨੇ ਚੋਣ ਰਾਤ ਨੂੰ ਹੀ ਇਸ ਦੌੜ ਵਿਚ ਬੇਸੇਰਾ ਨੂੰ ਜੇਤੂ ਐਲਾਨ ਦਿੱਤਾ ਸੀ। 4 ਨਵੰਬਰ ਨੂੰ ਉਪਲਬਧ ਰਾਜ ਪੱਧਰੀ ਅੰਕੜਿਆਂ 'ਚ ਬਸੇਰਾ ਨੂੰ ਲਗਭਗ 64 ਫ਼ੀਸਦੀ ਅਤੇ ਹਿਲਟਨ ਨੂੰ ਲਗਭਗ 36 ਫ਼ੀਸਦੀ ਵੋਟਾਂ ਮਿਲੀਆਂ ਸਨ। ਬਾਕੀ ਵੋਟਾਂ ਦੀ ਗਿਣਤੀ ਜਾਰੀ ਸੀ।

ਕੈਲੀਫੋਰਨੀਆ ਦੇ ਵੋਟਰਾਂ ਨੇ ਰਾਜ ਪੱਧਰੀ ਅਹੁਦਿਆਂ ਲਈ ਵੀ ਚੁਣੇ ਉਮੀਦਵਾਰ

ਕੈਲੀਫੋਰਨੀਆ ਦੇ ਵੋਟਰਾਂ ਨੇ ਹੋਰ ਰਾਜ ਪੱਧਰੀ ਅਹੁਦਿਆਂ ਲਈ ਵੀ ਉਮੀਦਵਾਰ ਚੁਣੇ। ਡੈਮੋਕ੍ਰੇਟ ਫਿਓਨਾ ਮਾ ਲੈਫਟੀਨੈਂਟ ਗਵਰਨਰ ਦੀ ਚੋਣ ਜਿੱਤੀ। ਮੌਜੂਦਾ ਸੈਕਟਰੀ ਆਫ਼ ਸਟੇਟ ਸ਼ਰਲੀ ਵੇਬਰ ਨੇ ਵੀ ਆਪਣੀ ਸੀਟ ਜਿੱਤੀ। ਅਟਾਰਨੀ ਜਨਰਲ ਦੀ ਚੋਣ ਵਿਚ ਮੌਜੂਦਾ ਅਟਾਰਨੀ ਜਨਰਲ ਰੌਬ ਬੋਂਟਾ ਜੇਤੂ ਰਹੇ। ਸ਼ੁਰੂਆਤੀ ਨਤੀਜਿਆਂ ਵਿਚ ਮਾਲੀਆ ਕੋਹੇਨ ਕੰਟਰੋਲਰ ਅਤੇ ਐਲੇਨੀ ਕੋਨਾਲਾਕਿਸ ਖ਼ਜ਼ਾਨਚੀ ਦੀ ਦੌੜ ਵਿਚ ਅੱਗੇ ਸਨ।

ਇੰਸ਼ੋਰੈਂਸ ਕਮਿਸ਼ਨਰ ਦੀ ਚੋਣ ਵਿਚ ਜੇਨ ਕਿਮ ਆਪਣੇ ਹੀ ਪਾਰਟੀ ਦੀ ਉਮੀਦਵਾਰ ਬੈਨ ਐਲਨ ਤੋਂ ਅੱਗੇ ਰਹੀ। ਦੋਵੇਂ ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧਤ ਸਨ, ਇਸ ਲਈ ਇਹ ਵੱਖ-ਵੱਖ ਪਾਰਟੀਆਂ ਦਾ ਮੁਕਾਬਲਾ ਨਹੀਂ ਸੀ। ਇਹ ਅਹੁਦਾ ਸੰਭਾਲਣ ਲਈ ਇੱਕੋ ਪਾਰਟੀ ਦੇ ਦੋ ਉਮੀਦਵਾਰਾਂ ਵਿਚਕਾਰ ਚੋਣ ਸੀ। ਇਨ੍ਹਾਂ ਵਿਚੋਂ ਕੁਝ ਦੌੜਾਂ ਦੇ ਨਤੀਜੇ ਅਧੂਰੀ ਵੋਟ ਗਿਣਤੀ 'ਤੇ ਆਧਾਰਿਤ ਸਨ, ਇਸ ਲਈ ਅੰਤਿਮ ਅੰਕੜਿਆਂ ਵਿਚ ਫ਼ਰਕ ਆ ਸਕਦਾ ਹੈ।

ਪਬਲਿਕ ਇੰਸਟ੍ਰਕਸ਼ਨ ਸੁਪਰੀਟੈਂਡੈਂਟ ਦੇ ਅਹੁਦੇ ਲਈ ਸੈਕਰਾਮੈਂਟੋ ਕਾਊਂਟੀ ਵਿਚ ਰਿਚਰਡ ਬਰੇਰਾ ਨੇ ਸੋਨਜਾ ਸ਼ਾ ਨੂੰ ਪਿੱਛੇ ਛੱਡਿਆ। ਕਾਊਂਟੀ ਵਿਚ ਬਰੇਰਾ ਨੂੰ ਲਗਭਗ 57 ਫ਼ੀਸਦੀ ਅਤੇ ਸ਼ਾ ਨੂੰ ਲਗਭਗ 43 ਫ਼ੀਸਦੀ ਵੋਟਾਂ ਮਿਲੀਆਂ। ਇਸ ਅਹੁਦੇ ਦਾ ਸਬੰਧ ਕੈਲੀਫੋਰਨੀਆ ਦੀ ਜਨਤਕ ਸਿੱਖਿਆ ਪ੍ਰਣਾਲੀ ਨਾਲ ਹੈ। ਇਹ ਅੰਕ ਸਿਰਫ਼ ਸੈਕਰਾਮੈਂਟੋ ਕਾਊਂਟੀ ਦੇ ਹਨ; ਪੂਰੇ ਰਾਜ ਦਾ ਨਤੀਜਾ ਵੱਖਰਾ ਗਿਣਿਆ ਜਾਂਦਾ ਹੈ।

ਸੈਕਰਾਮੈਂਟੋ ਇਲਾਕੇ ਵਿਚ ਕਾਂਗਰਸ, ਸੈਨੇਟ ਅਤੇ ਸਥਾਨਕ ਨਤੀਜੇ

ਯੂ.ਐੱਸ. ਹਾਊਸ ਡਿਸਟ੍ਰਿਕਟ 7 ਵਿਚ ਡੈਮੋਕ੍ਰੇਟ ਡੋਰਿਸ ਮਤਸੁਈ ਨੇ ਮਾਈ ਵਾਂਗ ਨੂੰ ਹਰਾਇਆ। ਸੈਕਰਾਮੈਂਟੋ ਕਾਊਂਟੀ ਦੇ ਗਿਣੇ ਗਏ ਵੋਟਾਂ ਵਿਚ ਮਾਤਸੁਈ ਨੂੰ 55.27 ਫੀਸਦੀ ਅਤੇ ਵਾਂਗ ਨੂੰ 44.73 ਫੀਸਦੀ ਮਿਲੀਆਂ। ਡਿਸਟ੍ਰਿਕਟ 6 'ਚ ਡੈਮੋਕ੍ਰੇਟ ਰਿਚਰਡ ਪੈਨ ਨੇ ਕੇਵਿਨ ਕਾਇਲੀ ਨੂੰ ਪਿੱਛੇ ਛੱਡਿਆ ਅਤੇ ਕਾਊਂਟੀ ਵਿਚ ਲਗਭਗ 64 ਫ਼ੀਸਦੀ ਵੋਟਾਂ ਹਾਸਲ ਕੀਤੀਆਂ। ਇਹ ਸੈਕਰਾਮੈਂਟੋ ਕਾਊਂਟੀ ਦੇ ਅੰਕ ਹਨ, ਪੂਰੇ ਕਾਂਗਰਸੀ ਹਲਕੇ ਦੇ ਨਹੀਂ। ਸਟੇਟ ਸੈਨੇਟ ਡਿਸਟ੍ਰਿਕਟ 8 ਵਿਚ ਡੈਮੋਕ੍ਰੇਟ ਐਂਜਲਿਕ ਐਸ਼ਬੀ ਨੇ ਰਿਪਬਲਿਕਨ ਸੁਜ਼ਨ ਮੇਸਨ ਨੂੰ ਹਰਾਇਆ। ਸੈਕਰਾਮੈਂਟੋ ਕਾਊਂਟੀ ਵਿਚ ਐਸ਼ਬੀ ਨੂੰ ਲਗਭਗ 73 ਫ਼ੀਸਦੀ ਵੋਟਾਂ ਮਿਲੀਆਂ। ਸਟੇਟ ਅਸੈਂਬਲੀ ਡਿਸਟ੍ਰਿਕਟ 10 ਵਿਚ ਡੈਮੋਕ੍ਰੇਟ ਸਟੈਫਨੀ ਨਗੁਯੇਨ ਨੇ ਰਿਪਬਲਿਕਨ ਵਿਨਾਇਆ ਸਿੰਘ ਨੂੰ ਲਗਭਗ 73 ਫ਼ੀਸਦੀ ਵੋਟਾਂ ਨਾਲ ਪਿੱਛੇ ਛੱਡਿਆ। ਅਸੈਂਬਲੀ ਡਿਸਟ੍ਰਿਕਟ 7 ਵਿਚ ਡੈਮੋਕ੍ਰੇਟ ਐਮੀ ਸਲਾਵੈਂਸਕੀ ਨੇ ਰਿਪਬਲਿਕਨ ਜੋਸ਼ ਹੂਵਰ ਨੂੰ ਪਛਾੜਿਆ।

ਐਲਕ ਗਰੋਵ ਸਿਟੀ ਕੌਂਸਲ ਡਿਸਟ੍ਰਿਕਟ 4 ਦੀ ਚੋਣ ਸਰਜੀਓ ਡੀ. ਰੋਬਲਜ਼ ਨੇ ਜਿੱਤੀ। ਉਨ੍ਹਾਂ ਨੂੰ ਲਗਭਗ 65 ਫ਼ੀਸਦੀ ਵੋਟਾਂ ਮਿਲੀਆਂ, ਜਦਕਿ ਪੈਗੀ ਪਾਰਕਸ ਨੂੰ ਲਗਭਗ 35 ਫ਼ੀਸਦੀ ਮਿਲੀਆਂ। ਸਕੂਲ ਸੁਪਰੀਟੈਂਡੈਂਟ ਦੀ ਚੋਣ ਵਿਚ ਵੀ ਸੈਕਰਾਮੈਂਟੋ ਕਾਊਂਟੀ ਦੇ ਨਤੀਜੇ ਬਰੇਰਾ ਦੇ ਹੱਕ ਵਿਚ ਰਹੇ।

ਬੈਲਟ 'ਤੇ ਕਈ ਜੱਜਾਂ ਨੂੰ ਅਹੁਦੇ 'ਤੇ ਕਾਇਮ ਰੱਖਣ ਬਾਰੇ ਵੀ ਸਵਾਲ ਸਨ। ਇਨ੍ਹਾਂ ਸਵਾਲਾਂ ਵਿਚ ਵੋਟਰਾਂ ਨੇ "ਹਾਂ" ਜਾਂ "ਨਹੀਂ" ਵਿਚ ਵੋਟ ਦੇਣੀ ਸੀ। ਸੈਕਰਾਮੈਂਟੋ ਕਾਊਂਟੀ ਵਿਚ ਬੈਲਟ 'ਤੇ ਦਰਜ ਜੱਜਾਂ ਲਈ "ਹਾਂ" ਵਾਲੀਆਂ ਵੋਟਾਂ ਵੱਧ ਸਨ। ਇਨ੍ਹਾਂ ਵਿਚ ਕੈਲੀਫੋਰਨੀਆ ਸੁਪਰੀਮ ਕੋਰਟ ਦੇ ਜੱਜ ਜੋਸ਼ੂਆ ਗਰੋਬਨ ਅਤੇ ਕੈਲੀ ਇਵਨਜ਼ ਦੇ ਨਾਲ ਅਪੀਲ ਕੋਰਟ ਦੇ ਜੱਜ ਵੀ ਸ਼ਾਮਲ ਸਨ। ਵੱਖ-ਵੱਖ ਜੱਜਾਂ ਲਈ "ਹਾਂ" ਦੀ ਹਮਾਇਤ ਲਗਭਗ 69 ਤੋਂ 75 ਫ਼ੀਸਦੀ ਵਿਚਕਾਰ ਰਹੀ।

ਕੈਲੀਫੋਰਨੀਆ ਦੀਆਂ ਪ੍ਰੋਪੋਜ਼ੀਸ਼ਨਾਂ: ਘਰ, ਸਕੂਲ ਅਤੇ ਰਾਜ ਦਾ ਬਜਟ

ਕੈਲੀਫੋਰਨੀਆ ਦੇ ਵੋਟਰਾਂ ਨੇ ਰਿਹਾਇਸ਼, ਟੈਕਸਾਂ, ਚੋਣਾਂ, ਸਿਹਤ ਸੰਭਾਲ, ਖੋਜ ਅਤੇ ਵਾਤਾਵਰਣ ਨਾਲ ਜੁੜੀਆਂ 14 ਪ੍ਰੋਪੋਜ਼ੀਸ਼ਨਾਂ 'ਤੇ ਫ਼ੈਸਲਾ ਕੀਤਾ। 4 ਨਵੰਬਰ ਤੱਕ ਉਪਲਬਧ ਨਤੀਜਿਆਂ ਮੁਤਾਬਕ 7 ਪ੍ਰਸਤਾਵ ਪਾਸ ਹੋਣ ਵੱਲ ਸਨ: ਪ੍ਰੋਪੋਜ਼ੀਸ਼ਨ 1, 2, 3, 5, 37, 38 ਅਤੇ 42। ਬਾਕੀ 7—ਨੰਬਰ 4, 39, 40, 41, 43, 44 ਅਤੇ 45 ਨੂੰ ਵੋਟਰਾਂ ਨੇ ਰੱਦ ਕੀਤਾ। ਇਹ ਉਸ ਵੇਲੇ ਦੇ ਨਤੀਜੇ ਹਨ; ਅੰਤਿਮ ਸਰਕਾਰੀ ਗਿਣਤੀ ਬਾਅਦ ਵਿਚ ਪੂਰੀ ਹੋਣੀ ਸੀ।

ਪ੍ਰੋਪੋਜ਼ੀਸ਼ਨ 1 ਪਾਸ ਹੋਈ। ਇਸ ਨਾਲ ਕਿਫ਼ਾਇਤੀ ਘਰਾਂ ਦੇ ਪ੍ਰੋਗਰਾਮਾਂ ਲਈ 11.25 ਅਰਬ ਡਾਲਰ ਤੱਕ ਦੇ ਬਾਂਡ ਜਾਰੀ ਕਰਨ ਦਾ ਰਾਹ ਖੁੱਲ੍ਹੇਗਾ। ਇਸ ਪੈਸੇ ਦਾ ਲਾਭ ਘੱਟ ਆਮਦਨ ਵਾਲੇ ਪਰਿਵਾਰਾਂ, ਵੈਟਰਨਾਂ, ਖੇਤੀਬਾੜੀ ਮਜ਼ਦੂਰਾਂ, ਵਿਦਿਆਰਥੀਆਂ ਅਤੇ ਬੇਘਰ ਲੋਕਾਂ ਲਈ ਰਿਹਾਇਸ਼ੀ ਪ੍ਰੋਗਰਾਮਾਂ ਨੂੰ ਹੋ ਸਕਦਾ ਹੈ। ਪ੍ਰੋਪੋਜ਼ੀਸ਼ਨ 2 ਵੀ ਪਾਸ ਹੋਈ। ਇਸ ਨਾਲ ਰਾਜ ਦੇ "ਰੇਨੀ ਡੇਅ ਫੰਡ" ਵਿਚ ਵਧੇਰੇ ਪੈਸਾ ਰੱਖਿਆ ਜਾ ਸਕੇਗਾ, ਤਾਂ ਜੋ ਬਜਟ ਘਾਟੇ ਜਾਂ ਆਰਥਿਕ ਮੁਸ਼ਕਲਾਂ ਵੇਲੇ ਰਾਜ ਕੋਲ ਰਾਖਵਾਂ ਫੰਡ ਹੋਵੇ।

ਪ੍ਰੋਪੋਜ਼ੀਸ਼ਨ 3 ਪਾਸ ਹੋਈ। ਇਸ ਨਾਲ ਵੱਧ ਆਮਦਨ ਵਾਲੇ ਕੈਲੀਫੋਰਨੀਆ ਵਾਸੀਆਂ 'ਤੇ ਲੱਗਣ ਵਾਲਾ ਮੌਜੂਦਾ ਟੈਕਸ ਸਥਾਈ ਹੋਵੇਗਾ ਅਤੇ ਸਕੂਲਾਂ ਤੇ ਸਿਹਤ ਸੇਵਾਵਾਂ ਲਈ ਆਮਦਨ ਜਾਰੀ ਰਹੇਗੀ। ਇਹ ਟੈਕਸ 2031 ਵਿਚ ਮੁੱਕਣ ਵਾਲਾ ਸੀ। ਪ੍ਰੋਪੋਜ਼ੀਸ਼ਨ 4 ਹਾਰ ਗਈ। ਇਸ ਦਾ ਮਕਸਦ ਕੁਝ ਨਿਯਮਾਂ ਹੇਠ ਰਾਜ ਅਤੇ ਸਥਾਨਕ ਸਰਕਾਰਾਂ ਨੂੰ ਚੋਣ ਮੁਹਿੰਮਾਂ ਲਈ ਸਰਕਾਰੀ ਪੈਸਾ ਦੇਣ ਦੀ ਇਜਾਜ਼ਤ ਦੇਣਾ ਸੀ।

ਪ੍ਰੋਪੋਜ਼ੀਸ਼ਨ 5 ਬਹੁਤ ਘੱਟ ਫ਼ਰਕ ਨਾਲ ਪਾਸ ਹੋਣ ਵੱਲ ਸੀ। ਇਸ ਨਾਲ ਰਾਜ ਦੇ ਚੁਣੇ ਹੋਏ ਅਧਿਕਾਰੀਆਂ ਨੂੰ ਵਾਪਸ ਬੁਲਾਉਣ ਦੀ ਪ੍ਰਕਿਰਿਆ ਬਦਲ ਸਕਦੀ ਹੈ। ਪ੍ਰਸਤਾਵ ਮੁਤਾਬਕ, ਪਹਿਲਾਂ ਵੋਟਰ ਇਹ ਫ਼ੈਸਲਾ ਕਰਨਗੇ ਕਿ ਅਧਿਕਾਰੀ ਨੂੰ ਅਹੁਦੇ ਤੋਂ ਹਟਾਉਣਾ ਹੈ ਜਾਂ ਨਹੀਂ। ਜੇ ਹਟਾਉਣ ਦਾ ਫ਼ੈਸਲਾ ਹੋਵੇ, ਤਾਂ ਉੱਤਰਾਧਿਕਾਰੀ ਬਾਅਦ ਦੀ ਵੱਖਰੀ ਪ੍ਰਕਿਰਿਆ ਵਿਚ ਚੁਣਿਆ ਜਾਵੇਗਾ। ਸ਼ੁਰੂਆਤੀ ਗਿਣਤੀ ਵਿਚ "ਹਾਂ" ਵਾਲੀਆਂ ਵੋਟਾਂ ਸਿਰਫ਼ 50 ਫ਼ੀਸਦੀ ਤੋਂ ਥੋੜ੍ਹੀਆਂ ਵੱਧ ਸਨ, ਇਸ ਲਈ ਇਹ ਸਭ ਤੋਂ ਨੇੜਲੇ ਨਤੀਜਿਆਂ ਵਿਚੋਂ ਇੱਕ ਸੀ।

ਘਰ ਖਰੀਦਦਾਰ, ਵੋਟਰ ਆਈ.ਡੀ. ਅਤੇ ਅਰਬਪਤੀਆਂ 'ਤੇ ਟੈਕਸ

ਪ੍ਰੋਪੋਜ਼ੀਸ਼ਨ 37 ਪਾਸ ਹੋਈ। ਇਸ ਨਾਲ ਯੋਗ ਮੱਧ-ਆਮਦਨ ਵਾਲੇ ਲੋਕਾਂ ਨੂੰ ਨਵੇਂ ਬਣੇ ਘਰ ਖਰੀਦਣ ਲਈ ਡਾਊਨ ਪੇਮੈਂਟ ਵਾਸਤੇ ਕਰਜ਼ਾ ਦੇਣ ਦਾ ਪ੍ਰੋਗਰਾਮ ਬਣੇਗਾ। ਘਰ ਖਰੀਦਣ ਦੇ ਖ਼ਰਚੇ ਕਾਰਨ ਮੁਸ਼ਕਲ ਮਹਿਸੂਸ ਕਰ ਰਹੇ ਪਰਿਵਾਰਾਂ ਲਈ ਇਹ ਉਪਾਅ ਮਦਦਗਾਰ ਹੋ ਸਕਦਾ ਹੈ। ਪ੍ਰੋਪੋਜ਼ੀਸ਼ਨ 38 ਵੀ ਪਾਸ ਹੋਈ। ਇਸ ਤਹਿਤ ਇਮਿਊਨੋਲੋਜੀ ਅਤੇ ਇਮਿਊਨੋਥੈਰੇਪੀ ਦੀ ਖੋਜ ਲਈ 8.4 ਅਰਬ ਡਾਲਰ ਦੇ ਬਾਂਡ ਜਾਰੀ ਹੋ ਸਕਣਗੇ।

ਵੋਟਰਾਂ ਨੇ ਪ੍ਰੋਪੋਜ਼ੀਸ਼ਨ 39 ਨੂੰ ਰੱਦ ਕਰ ਦਿੱਤਾ। ਇਹ ਪ੍ਰਸਤਾਵ ਵੋਟ ਪਾਉਣ ਵੇਲੇ ਸਰਕਾਰ ਵੱਲੋਂ ਜਾਰੀ ਪਛਾਣ ਪੱਤਰ ਦਿਖਾਉਣ ਜਾਂ ਡਾਕ ਰਾਹੀਂ ਭੇਜੇ ਬੈਲਟ 'ਤੇ ਪਛਾਣ ਨੰਬਰ ਦੇਣ ਦੀ ਸ਼ਰਤ ਲਿਆਉਣਾ ਚਾਹੁੰਦਾ ਸੀ। ਇਸ ਦੇ ਨਾਲ ਨਾਗਰਿਕਤਾ ਦੀ ਪੁਸ਼ਟੀ ਬਾਰੇ ਹੋਰ ਰਿਪੋਰਟਿੰਗ ਦੀ ਵੀ ਤਜਵੀਜ਼ ਸੀ। ਵੋਟਰਾਂ ਦੇ "ਨਹੀਂ" ਕਹਿਣ ਕਾਰਨ ਇਹ ਨਵੀਆਂ ਸ਼ਰਤਾਂ ਇਸ ਪ੍ਰਸਤਾਵ ਰਾਹੀਂ ਲਾਗੂ ਨਹੀਂ ਹੋਣਗੀਆਂ।

ਪ੍ਰੋਪੋਜ਼ੀਸ਼ਨ 40 ਵੀ ਹਾਰ ਗਈ। ਇਸ ਵਿਚ ਇੱਕ ਅਰਬ ਡਾਲਰ ਤੋਂ ਵੱਧ ਸੰਪਤੀ ਵਾਲੇ ਕੈਲੀਫੋਰਨੀਆ ਵਾਸੀਆਂ 'ਤੇ ਇੱਕ ਵਾਰ 5 ਫ਼ੀਸਦੀ ਟੈਕਸ ਲਗਾਉਣ ਦੀ ਤਜਵੀਜ਼ ਸੀ। ਹਮਾਇਤੀਆਂ ਦਾ ਕਹਿਣਾ ਸੀ ਕਿ ਇਸ ਨਾਲ ਸਿਹਤ ਸੰਭਾਲ ਅਤੇ ਹੋਰ ਸਰਕਾਰੀ ਪ੍ਰੋਗਰਾਮਾਂ ਲਈ ਪੈਸਾ ਮਿਲੇਗਾ। ਵਿਰੋਧੀਆਂ ਨੇ ਕਿਹਾ ਕਿ ਇਸ ਨਾਲ ਅਮੀਰ ਲੋਕ ਅਤੇ ਨਿਵੇਸ਼ ਕੈਲੀਫੋਰਨੀਆ ਤੋਂ ਬਾਹਰ ਜਾ ਸਕਦੇ ਹਨ। ਪ੍ਰੋਪੋਜ਼ੀਸ਼ਨ 41, ਜਿਸ ਵਿਚ ਕੁਝ ਨਵੇਂ ਟੈਕਸਾਂ ਬਾਰੇ ਨਿਯਮ ਅਤੇ ਆਡਿਟ ਲਾਜ਼ਮੀ ਕਰਨ ਦੀ ਤਜਵੀਜ਼ ਸੀ, ਉਹ ਵੀ ਹਾਰ ਗਈ।

ਪ੍ਰੋਪੋਜ਼ੀਸ਼ਨ 42 ਪਾਸ ਹੋਈ। ਇਸ ਦਾ ਸਬੰਧ ਨਿੱਜੀ ਸੰਪਤੀ, ਨਿਵੇਸ਼, ਬਚਤ ਅਤੇ ਕੁਝ ਪਿਛਲੀ ਮਿਤੀ ਤੋਂ ਲਾਗੂ ਹੋਣ ਵਾਲੇ ਟੈਕਸਾਂ 'ਤੇ ਰੋਕ ਨਾਲ ਸੀ। ਇਸ ਤਰ੍ਹਾਂ ਪ੍ਰੋਪੋਜ਼ੀਸ਼ਨ 40 ਦਾ ਅਰਬਪਤੀ ਟੈਕਸ ਰੱਦ ਹੋਇਆ, ਜਦਕਿ ਪ੍ਰੋਪੋਜ਼ੀਸ਼ਨ 42 ਦੇ ਟੈਕਸ-ਸੀਮਾ ਵਾਲੇ ਪ੍ਰਸਤਾਵ ਨੂੰ ਬਹੁਮਤ ਮਿਲਿਆ।

ਸਥਾਨਕ ਟੈਕਸ, ਸਿਹਤ ਕਲੀਨਿਕ ਅਤੇ ਵਾਤਾਵਰਣ

ਪ੍ਰੋਪੋਜ਼ੀਸ਼ਨ 43 ਹਾਰ ਗਈ। ਇਹ ਚਾਹੁੰਦੀ ਸੀ ਕਿ ਵੋਟਰਾਂ ਵੱਲੋਂ ਪੇਸ਼ ਕੀਤੇ ਸਥਾਨਕ ਖ਼ਾਸ ਟੈਕਸ ਪਾਸ ਕਰਨ ਲਈ ਦੋ-ਤਿਹਾਈ ਵੋਟਾਂ ਲਾਜ਼ਮੀ ਹੋਣ। ਇਸ ਕਾਰਨ ਸਥਾਨਕ ਪੱਧਰ 'ਤੇ ਖ਼ਾਸ ਸੇਵਾਵਾਂ ਲਈ ਟੈਕਸ ਮਨਜ਼ੂਰ ਕਰਨਾ ਹੋਰ ਔਖਾ ਹੋ ਸਕਦਾ ਸੀ।

ਪ੍ਰੋਪੋਜ਼ੀਸ਼ਨ 44 ਵੀ ਵੱਡੇ ਫ਼ਰਕ ਨਾਲ ਹਾਰ ਗਈ। ਇਸ ਵਿਚ ਕਮਿਊਨਿਟੀ ਸਿਹਤ ਕਲੀਨਿਕਾਂ ਨੂੰ ਆਪਣੀ ਆਮਦਨ ਦਾ ਘੱਟੋ-ਘੱਟ 90 ਫ਼ੀਸਦੀ ਮਰੀਜ਼ਾਂ ਦੀਆਂ ਸੇਵਾਵਾਂ ਅਤੇ ਕਲੀਨਿਕ ਦੇ ਮੁੱਖ ਕੰਮਾਂ 'ਤੇ ਖ਼ਰਚਣਾ ਲਾਜ਼ਮੀ ਕਰਨ ਦੀ ਤਜਵੀਜ਼ ਸੀ। ਇਸ ਪ੍ਰਸਤਾਵ ਦੇ ਹੱਕ ਵਿਚ ਆਉਣ ਵਾਲੀਆਂ ਵੋਟਾਂ ਨਾਲੋਂ ਵਿਰੋਧ ਵਾਲੀਆਂ ਵੋਟਾਂ ਕਾਫ਼ੀ ਵੱਧ ਸਨ।

ਵੋਟਰਾਂ ਨੇ ਪ੍ਰੋਪੋਜ਼ੀਸ਼ਨ 45 ਨੂੰ ਵੀ ਰੱਦ ਕੀਤਾ। ਇਹ ਕੁਝ ਪ੍ਰੋਜੈਕਟਾਂ ਲਈ ਕੈਲੀਫੋਰਨੀਆ ਦੇ ਵਾਤਾਵਰਣੀ ਸਮੀਖਿਆ ਨਿਯਮਾਂ ਨੂੰ ਬਦਲਣਾ ਚਾਹੁੰਦੀ ਸੀ। ਹਮਾਇਤੀਆਂ ਮੁਤਾਬਕ ਇਸ ਨਾਲ ਘਰਾਂ ਅਤੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟ ਤੇਜ਼ ਹੋ ਸਕਦੇ ਸਨ। ਵਿਰੋਧੀਆਂ ਨੂੰ ਡਰ ਸੀ ਕਿ ਇਸ ਨਾਲ ਵਾਤਾਵਰਣ ਦੀ ਰੱਖਿਆ ਕਮਜ਼ੋਰ ਹੋ ਸਕਦੀ ਹੈ। ਸ਼ੁਰੂਆਤੀ ਨਤੀਜਿਆਂ ਵਿਚ "ਨਹੀਂ" ਵਾਲੀਆਂ ਵੋਟਾਂ ਅੱਗੇ ਸਨ।

ਸੈਕਰਾਮੈਂਟੋ ਦੀ ਮੇਜ਼ਰ ਅਤੇ ਅੰਤਿਮ ਨਤੀਜਿਆਂ ਦੀ ਸਥਿਤੀ

ਸੈਕਰਾਮੈਂਟੋ ਇਲਾਕੇ ਵਿਚ ਲੋਸ ਰਿਓਸ ਕਮਿਊਨਿਟੀ ਕਾਲਜ ਡਿਸਟ੍ਰਿਕਟ ਦੀ ਮੇਜ਼ਰ੍ ਪਾਸ ਹੋ ਗਈ। ਇਸ ਨਾਲ ਕਾਲਜਾਂ ਅਤੇ ਨੌਕਰੀ-ਸਿਖਲਾਈ ਦੀਆਂ ਸਹੂਲਤਾਂ, ਸਾਫ਼ ਪੀਣ ਵਾਲੇ ਪਾਣੀ ਅਤੇ ਇਮਾਰਤਾਂ ਦੀ ਮੁਰੰਮਤ ਲਈ 1.1 ਅਰਬ ਡਾਲਰ ਤੱਕ ਦੇ ਬਾਂਡ ਜਾਰੀ ਕੀਤੇ ਜਾ ਸਕਦੇ ਹਨ। ਇਸ ਨੂੰ ਪਾਸ ਹੋਣ ਲਈ ਘੱਟੋ-ਘੱਟ 55 ਫ਼ੀਸਦੀ ਵੋਟਾਂ ਦੀ ਲੋੜ ਸੀ। ਗਿਣੇ ਗਏ ਵੋਟਾਂ ਵਿਚ ਲਗਭਗ 61 ਫ਼ੀਸਦੀ ਨੇ "ਹਾਂ" ਅਤੇ 39 ਫ਼ੀਸਦੀ ਨੇ "ਨਹੀਂ" ਕਿਹਾ।

ਸੈਕਰਾਮੈਂਟੋ ਕਾਊਂਟੀ ਨੇ ਆਪਣੇ ਚੋਣ ਨਤੀਜਿਆਂ ਨੂੰ ਅਣਅਧਿਕਾਰਤ ਦੱਸਿਆ ਹੈ। ਡਾਕ ਰਾਹੀਂ ਆਏ ਬੈਲਟਾਂ, ਆਰਜ਼ੀ ਬੈਲਟਾਂ ਅਤੇ ਹੋਰ ਸਮੇਂ ਸਿਰ ਪ੍ਰਾਪਤ ਵੋਟਾਂ ਦੀ ਗਿਣਤੀ ਬਾਕੀ ਸੀ। ਕਾਊਂਟੀ ਨੇ ਕਿਹਾ ਹੈ ਕਿ ਨਤੀਜੇ ਅਗਲੇ ਹਫ਼ਤਿਆਂ ਵਿਚ ਅਪਡੇਟ ਹੋਣਗੇ ਅਤੇ ਪ੍ਰਮਾਣਿਤ ਨਤੀਜੇ 1 ਦਸੰਬਰ ਤੋਂ ਪਹਿਲਾਂ ਜਾਰੀ ਨਹੀਂ ਕੀਤੇ ਜਾਣਗੇ। ਇਸ ਲਈ ਉਪਰ ਦਿੱਤੇ ਸੈਕਰਾਮੈਂਟੋ ਅਤੇ ਕੈਲੀਫੋਰਨੀਆ ਦੇ ਅੰਕੜੇ ਉਪਲਬਧ ਗਿਣਤੀ 'ਤੇ ਆਧਾਰਿਤ ਹਨ ਅਤੇ ਬਾਅਦ ਵਿਚ ਕੁਝ ਬਦਲ ਸਕਦੇ ਹਨ। ਹੁਣ ਤੱਕ ਦਾ ਮੁੱਖ ਨਤੀਜਾ ਇਹ ਹੈ ਕਿ ਡੈਮੋਕ੍ਰੇਟਸ ਨੇ ਕਾਂਗਰਸ ਦੇ ਦੋਵੇਂ ਸਦਨ ਜਿੱਤੇ, ਜ਼ੇਵੀਅਰ ਬਸੇਰਾ ਕੈਲੀਫੋਰਨੀਆ ਦੇ ਗਵਰਨਰ ਚੁਣੇ ਗਏ ਅਤੇ ਕੈਲੀਫੋਰਨੀਆ ਦੀਆਂ ਜ਼ਿਆਦਾਤਰ ਪ੍ਰੋਪੋਜ਼ੀਸ਼ਨਾਂ ਬਾਰੇ ਵੋਟਰਾਂ ਨੇ ਆਪਣਾ ਫ਼ੈਸਲਾ ਦੇ ਦਿੱਤਾ ਹੈ।

ਚੋਣ ਨਤੀਜਿਆਂ ਤੋਂ ਬਾਅਦ ਰਾਸ਼ਟਰਪਤੀ ਟਰੰਪ ਦਾ ਬਿਆਨ

ਅਮਰੀਕੀ ਮਿਡਟਰਮ ਚੋਣਾਂ ਵਿਚ ਡੈਮੋਕ੍ਰੇਟਸ ਦੀ ਜਿੱਤ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਹ ਦੇਸ਼ ਦੀ ਭਲਾਈ ਲਈ ਡੈਮੋਕ੍ਰੇਟਸ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹਨ। ਟਰੰਪ ਨੇ ਚੋਣ ਨਤੀਜਿਆਂ ਨੂੰ ਸਵੀਕਾਰ ਕਰਨ ਦੀ ਗੱਲ ਵੀ ਕਹੀ। ਉਨ੍ਹਾਂ ਨੇ ਰਿਪਬਲਿਕਨ ਪਾਰਟੀ ਦੀ ਹਾਰ ਦੀ ਨਿੱਜੀ ਜ਼ਿੰਮੇਵਾਰੀ ਲੈਣ ਦੀ ਬਜਾਏ ਕਿਹਾ ਕਿ ਉਹ ਬੈਲਟ ਉੱਤੇ ਨਹੀਂ ਸਨ। ਟਰੰਪ ਮੁਤਾਬਕ ਜੇ ਉਹ ਉਮੀਦਵਾਰ ਹੁੰਦੇ, ਤਾਂ ਰਿਪਬਲਿਕਨ ਵੱਡੀ ਜਿੱਤ ਹਾਸਲ ਕਰਦੇ। ਉਨ੍ਹਾਂ ਇਹ ਵੀ ਕਿਹਾ ਕਿ ਕੁਝ ਰਿਪਬਲਿਕਨ ਉਮੀਦਵਾਰਾਂ ਨੂੰ ਪਾਰਟੀ ਦੇ ਸਮਰਥਕਾਂ ਨੇ ਪਸੰਦ ਨਹੀਂ ਕੀਤਾ।

ਟਰੰਪ ਨੇ ਹਾਰ ਦਾ ਇੱਕ ਕਾਰਨ ਈਰਾਨ ਜੰਗ ਅਤੇ ਉਸ ਕਾਰਨ ਵਧੀਆਂ ਪੈਟਰੋਲ ਦੀਆਂ ਕੀਮਤਾਂ ਨੂੰ ਵੀ ਦੱਸਿਆ। ਫਿਰ ਵੀ ਉਨ੍ਹਾਂ ਕਿਹਾ ਕਿ ਉਹ ਕਈ ਮੁੱਦਿਆਂ ਉੱਤੇ ਡੈਮੋਕ੍ਰੇਟਸ ਨਾਲ ਸਹਿਯੋਗ ਕਰ ਸਕਦੇ ਹਨ। ਨਾਲ ਹੀ ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਡੈਮੋਕ੍ਰੇਟਿਕ ਕਾਂਗਰਸ ਅਜਿਹੇ ਬਿੱਲ ਭੇਜੇਗੀ, ਜਿਨ੍ਹਾਂ ਨਾਲ ਉਹ ਸਹਿਮਤ ਨਹੀਂ ਹੋਣਗੇ, ਤਾਂ ਉਹ ਵੀਟੋ ਵਰਤ ਸਕਦੇ ਹਨ।


SANJHA PUNJAB USA
PROUDLY PRESENTS
ASSOCIATE WITH
Jeeway Punjab Entertainment
and Atul Kapoor
SUFI SHAM
WITH
HANS RAJ HANS
FRIDAY
NOV 6
7.30 PM
Venue
Royal Event Hall
7323 Home Leisure Plaza
Sacramento CA 95823
SACRAMENTO-CA
VVIP TABLE
1st Row Tables
Premium Experience Includes:
Front Row Seating
Drinks
Appetizers
Sweet Dish
Dinner
Picture with the Artist
Your Name Displayed on the Stage Back Screen
VIP TABLE
2nd & 3rd Row Tables:
Special Experience Includes:
Drinks
Appetizers
Sweet Dish
Dinner
Picture with the Artist
Your Name Displayed on the Stage Back Screen
GENERAL TABLE
Includes:
Food
Drinks
Limited Tables Available – Book Your Table Now!
Jassi Banga 916-796-5003
Teja Virak 916-912-5678
Sonu Chatha 916-716-7331
Atul Kapoor 209-670-5384
Balwinder Bajwa 516-852-2222
Jassi Katron : 916-937-7785
Surinder Mahey : 408-620-2470

1984 ਕਤਲੇਆਮ ਦੇ ਪੀੜਤਾਂ ਨੇ ਰਾਹੁਲ ਗਾਂਧੀ ਨੂੰ ਦਿੱਤੀ ਬਹਿਸ ਦੀ ਚੁਣੌਤੀ

ਕਾਂਗਰਸ ਨੇ ਨਾ ਮੁਆਫ਼ੀ ਮੰਗੀ ਅਤੇ ਨਾ ਹੀ ਪੀੜਤਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਈ: ਪੀੜਤ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

‘ਜ਼ਖ਼ਮ 84’ ਸੰਮੇਲਨ ਦੇ ਦੂਜੇ ਸੈਸ਼ਨ ‘ਸਿੱਖ ਨਸ਼ਲਕੁਸ਼ੀ, ਕਦੋਂ ਤੇ ਕਿਵੇਂ’ ਦੌਰਾਨ 1984 ਸਿੱਖ ਕਤਲੇਆਮ ਦੇ ਪੀੜਤਾਂ ਨੇ ਆਪਣੇ ਨਾਲ ਵਾਪਰੀਆਂ ਰੂਹ ਕੰਬਾਊ ਘਟਨਾਵਾਂ ਅਤੇ ਇਨਸਾਫ਼ ਲਈ ਦਹਾਕਿਆਂ ਤੋਂ ਜਾਰੀ ਸੰਘਰਸ਼ ਦੀ ਦਾਸਤਾਨ ਸਾਂਝੀ ਕੀਤੀ। ਇਸ ਮੌਕੇ ਨਿਰਪ੍ਰੀਤ ਕੌਰ, ਸਤਪਾਲ ਕੌਰ, ਦਰਸ਼ਣ ਕੌਰ, ਸੋਨੀਆ ਕੌਰ, ਜਗਸ਼ੇਰ ਸਿੰਘ ਤੇ ਕਈ ਹੋਰ ਪੀੜਤਾਂ ਇਸ ਸੈਸ਼ਨ ਵਿੱਚ ਹਿੱਸਾ ਲਿਆ।

ਕਤਲੇਆਮ ਦੇ ਪੀੜਤ ਪਰਿਵਾਰਾਂ ਨਾਲ ਵਾਪਰੀਆਂ ਘਟਨਾਵਾਂ ਬਿਆਨ ਕਰਦਿਆਂ ਦੱਸਿਆ ਬੀਬੀ ਨਿਰਪ੍ਰੀਤ ਕੌਰ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਨੇ 16 ਸਾਲ ਦੀ ਉਮਰ ਵਿੱਚ ਆਪਣੇ ਪਰਿਵਾਰ ਨੂੰ ਉੱਜੜਦੇ ਦੇਖਿਆ ਅਤੇ ਕਿਵੇਂ ਇਨਸਾਫ਼ ਲਈ ਲੰਮੀ ਲੜਾਈ ਲੜਨੀ ਪਈ। ਪੀੜਤਾਂ ਨੇ ਕਾਂਗਰਸ ‘ਤੇ ਮੁਆਫ਼ੀ ਨਾ ਮੰਗਣ ਅਤੇ ਉਨ੍ਹਾਂ ਦੇ ਜ਼ਖ਼ਮਾਂ ‘ਤੇ ਮੱਲ੍ਹਮ ਨਾ ਲਾਉਣ ਦੇ ਦੋਸ਼ ਲਾਉਂਦਿਆਂ ਰਾਹੁਲ ਗਾਂਧੀ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ।

ਸੈਸ਼ਨ ਦੇ ਸੰਚਾਲਕ ਵਜੋਂ ਚਰਚਾ ਦੀ ਸ਼ੁਰੂਆਤ ਕਰਦਿਆਂ ਆਰ.ਪੀ. ਸਿੰਘ ਨੇ ਕਿਹਾ ਕਿ ਰਾਹੁਲ ਗਾਂਧੀ ਅੱਜ ਕੱਲ੍ਹ ਬਹਿਸ ਦੀਆਂ ਚੁਣੌਤੀਆਂ ਦੇ ਰਹੇ ਹਨ, ਇਸ ਲਈ ਉਹ ਵੀ ਉਨ੍ਹਾਂ ਨੂੰ ਚੁਣੌਤੀ ਦਿੰਦੇ ਹਨ ਕਿ ਉਹ ਰਵੀ ਸ਼ੰਕਰ ਪ੍ਰਸਾਦ, ਐੱਚ.ਐੱਸ. ਫੂਲਕਾ ਅਤੇ ਬੀਬੀ ਨਿਰਪ੍ਰੀਤ ਕੌਰ ਨਾਲ 1984 ਦੇ ਕਤਲੇਆਮ ਬਾਰੇ ਬਹਿਸ ਕਰ ਲੈਣ। ਇਸ ਤੋਂ ਬਾਅਦ ਬੋਲਣ ਵਾਲੇ ਪੀੜਤਾਂ ਦੇ ਵਾਰ-ਵਾਰ ਇਹੀ ਗੱਲ ਦੁਹਰਾਈ, ਕਿ ਰਾਹੁਲ ਗਾਂਧੀ ਆਪਣੇ ਪਰਿਵਾਰ ਤੇ ਕਾਂਗਰਸ ਪਾਰਟੀ ਤੇ ਕਾਂਗਰਸ ਸਰਕਾਰਾਂ ਦੀ ਸਿੱਖ ਕਤਲੇਆਮ ਵਿੱਚ ਭੂਮਿਕਾ ਬਾਰੇ ਬਹਿਸ ਕਰ ਲੈਣ। ਪੀੜਤਾਂ ਨੇ ਕਤਲੇਆਮ ਨੂੰ ਗਿਣੀ-ਮਿੱਥੀ ਸਾਜ਼ਿਸ਼ ਕਰਾਰ ਦਿੰਦਿਆਂ ਕਾਂਗਰਸ ‘ਤੇ ਮੁਆਫ਼ੀ ਨਾ ਮੰਗਣ ਅਤੇ ਇਨਸਾਫ਼ ਨਾ ਦੇਣ ਦੇ ਦੋਸ਼ ਲਾਏ।

ਨਿਰਪ੍ਰੀਤ ਕੌਰ ਦੀ ਕਹਾਣੀ

ਨਿਰਪ੍ਰੀਤ ਕੌਰ ਨੇ ਦੱਸਿਆ ਕਿ 1984 ਕਤਲੇਆਮ ਸਮੇਂ ਉਹ 16 ਸਾਲਾਂ ਦੀ ਸੀ ਅਤੇ ਉਨ੍ਹਾਂ ਦਾ ਪਰਿਵਾਰ ਪਾਵਰ ਕਲੋਨੀ ਵਿੱਚ ਰਹਿੰਦਾ ਸੀ। 31 ਅਕਤੂਬਰ ਨੂੰ ਬਲਵਾਨ ਖੋਖਰ ਉਨ੍ਹਾਂ ਦੇ ਘਰ ਆਇਆ ਅਤੇ ਭਰਾ ਨੂੰ



ਡਰਾਈਵਰ ਰੱਖਣ ਦੀ ਗੱਲ ਕੀਤੀ, ਪਰ ਉਨ੍ਹਾਂ ਮੁਤਾਬਕ ਇਹ ਪਰਿਵਾਰਕ ਮੈਂਬਰਾਂ ਦੀ ਗਿਣਤੀ ਜਾਣਨ ਦਾ ਬਹਾਨਾ ਸੀ। ਉਸ ਰਾਤ ਦੋ ਪੁਲਿਸ ਮੁਲਾਜ਼ਮ ਸੁਰੱਖਿਆ ਦਾ ਭਰੋਸਾ ਦੇ ਕੇ ਘਰ ਆਏ ਅਤੇ ਚਾਹ ਪੀਤੀ। ਅਗਲੇ ਦਿਨ ਬਲਵਾਨ ਖੋਖਰ, ਕ੍ਰਿਸ਼ਨ ਖੋਖਰ ਅਤੇ ਹੋਰਨਾਂ ਦੀ ਸ਼ਮੂਲੀਅਤ ਵਾਲੀ ਭੀੜ ਨੇ ਘਰ ਘੇਰ ਲਿਆ। ਉਨ੍ਹਾਂ ਦੇ 9 ਸਾਲਾ ਭਰਾ ਨੂੰ ‘ਸੱਪ ਦਾ ਬੱਚਾ’ ਕਹਿ ਕੇ ਮਾਰਨ ਲਈ ਉਕਸਾਇਆ ਗਿਆ। ਪਿਤਾ ਨੇ ਬੱਚਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਅਤੇ ਪਰਿਵਾਰ ਨੇ ਚਾਰ ਘੰਟੇ ਭੀੜ ਦਾ ਸਾਹਮਣਾ ਕੀਤਾ। ਉਨ੍ਹਾਂ ਦੇ ਟਰੱਕ ਨੂੰ ਅੱਗ ਲਗਾਈ ਗਈ ਅਤੇ ਪੁਲਿਸ ਵੱਲੋਂ ਸਮਝੌਤੇ ਦੇ ਨਾਂ ‘ਤੇ ਦਬਾਅ ਪਾਉਣ ਤੋਂ ਬਾਅਦ ਹਮਲਾ ਮੁੜ ਹੋਇਆ।

ਨਿਰਪ੍ਰੀਤ ਕੌਰ ਨੇ ਸੱਜਣ ਕੁਮਾਰ ‘ਤੇ ਪੁਲਿਸ ਜੀਪ ਅੱਗੇ ਖੜ੍ਹ ਕੇ ਸਿੱਖਾਂ ਵਿਰੁੱਧ ਭੀੜ ਨੂੰ ਭੜਕਾਉਣ ਦੇ ਦੋਸ਼ ਲਾਏ। ਏਅਰਫੋਰਸ ਦੇ ਵਿੰਗ ਕਮਾਂਡਰ ਐੱਨ.ਐੱਸ. ਪਨੂੰ ਦੀ ਮਦਦ ਨਾਲ ਕਈ ਜਾਨਾਂ ਬਚੀਆਂ। ਉਨ੍ਹਾਂ ਦੱਸਿਆ ਕਿ ਟਾਡਾ ਤਹਿਤ ਜੇਲ੍ਹ ਅਤੇ ਤਿਹਾੜ ਜੇਲ੍ਹ ਵਿੱਚ ਰਹਿਣਾ ਪਿਆ। ਉਨ੍ਹਾਂ ਦੇ ਪਤੀ ਨੂੰ ਵੀ ਜੇਲ੍ਹ ਤੋਂ ਬਾਹਰ ਆਉਣ ਮਗਰੋਂ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ। ਨਾਨਾਵਤੀ ਕਮਿਸ਼ਨ ਅਤੇ ਪਿਤਾ ਦਾ ਕੇਸ ਮੁੜ ਖੁੱਲ੍ਹਣ ਦੇ ਬਾਵਜੂਦ ਇਨਸਾਫ਼ ਦੀ ਲੜਾਈ ਲੰਮੀ ਰਹੀ।

ਇਸ ਮੌਕੇ ਭਾਗੀ ਕੌਰ ਨੇ ਦੱਸਿਆ ਕਿ ਕਿਵੇਂ ਔਰਤਾਂ ਨੂੰ ਨੰਗਾ ਕਰਕੇ ਬਿਠਾਇਆ ਗਿਆ ਅਤੇ ਸਾਰੀ ਰਾਤ ਕਈ ਵਿਅਕਤੀਆਂ ਨੇ ਜਬਰ-ਜ਼ਨਾਹ ਕੀਤਾ। ਦੱਸਿਆ ਗਿਆ ਕਿ ਕਿਸ਼ੋਰੀ ਲਾਲ ਨਾਂ ਦੇ ਕਸਾਈ ਨੇ ਆਪਣੇ ਦਾਤ ਨਾਲ ਸੱਤ ਸਿੱਖ ਕਤਲ ਕੀਤੇ ਅਤੇ ਉਸ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਵਾਉਣ ਲਈ ਕੋਸ਼ਿਸ਼ ਕੀਤੀ।

ਸਤਪਾਲ ਕੌਰ ਨੇ ਦੱਸਿਆ ਕਿ 11 ਸਾਲ ਦੀ ਉਮਰ ਵਿੱਚ ਗੁਆਂਢੀਆਂ ਨੇ ਉਨ੍ਹਾਂ ਦੇ ਚਾਰ ਭੈਣਾਂ ਨੂੰ ਮੰਜੇ ਹੇਠ ਲੁਕਾ ਕੇ ਬਚਾਇਆ। ਬਾਅਦ ਵਿੱਚ ਉਹ ਨਾਰੀ ਨਿਕੇਤਨ ਵਿੱਚ ਰਹੀਆਂ, ਜਿੱਥੇ ਐੱਚ.ਐੱਸ. ਫੂਲਕਾ ਨੇ ਉਨ੍ਹਾਂ ਨੂੰ ਲੱਭਿਆ ਤੇ ਅਦਾਲਤ ਰਾਹੀਂ ਉਨ੍ਹਾਂ ਦੇ ਨਾਨਾ ਨੂੰ ਕਸਟੱਡੀ ਦੁਆਈ, ਤਿੰਨ ਭੈਣਾਂ ਨੂੰ ਪਾਲਣ ਲਈ ਸਤਪਾਲ ਕੌਰ ਨੂੰ 20-20 ਰੁਪਏ ਵਿੱਚ ਘਰਾਂ ਦੇ ਭਾਂਡੇ ਮਾਂਜਣੇ ਪਏ ਅਤੇ ਨੌਕਰੀ ਤੇ ਪੈਨਸ਼ਨ ਵੀ ਨਹੀਂ ਮਿਲੀ।

ਕੈਪਟਨ ਘੁੰਮਣ ਦਾ ਕਤਲ

ਇੱਕ ਹੋਰ ਪੀੜਤ ਨੇ ਸੇਵਾਮੁਕਤ ਕੈਪਟਨ ਘੁੰਮਣ ਸਿੰਘ ਚਾਹਲ ਦੀ ਹੱਤਿਆ ਦਾ ਜ਼ਿਕਰ ਕੀਤਾ, ਜਿਨ੍ਹਾਂ ਨੇ ਚਾਰ ਜੰਗਾਂ ਲੜੀਆਂ ਸਨ। ਪੈਰਾਲਾਈਜ਼ਡ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਘਰ ਵਿੱਚ ਸਾੜ ਦਿੱਤਾ ਗਿਆ ਅਤੇ ਪਤੀ ਦੀਆਂ ਡਿਗਰੀਆਂ ਵੀ ਅੱਗ ਵਿੱਚ ਸੜ ਗਈਆਂ।

ਜਗਸ਼ੇਰ ਸਿੰਘ ਨੇ 18 ਸਾਲ ਦੀ ਉਮਰ ਵਿੱਚ ਪਾਲਮ ਵਿੱਚ ਹਿੰਸਾ ਦੇਖਣ, ਪੰਡਿਤ ਰਾਮ ਅਵਤਾਰ ਵੱਲੋਂ ਪਨਾਹ ਦੇਣ, ਸੱਜਣ ਕੁਮਾਰ ‘ਤੇ ਭੀੜ ਭੜਕਾਉਣ ਦੇ ਦੋਸ਼ਾਂ ਅਤੇ ਸਿੱਖ ਰੈਜੀਮੈਂਟ ਤੇ ਏਅਰਫੋਰਸ ਵੱਲੋਂ ਲੋਕਾਂ ਨੂੰ ਬਚਾਉਣ ਦੀ ਗੱਲ ਦੱਸੀ। ਉਨ੍ਹਾਂ ਸੀਬੀਆਈ ਜਾਂਚ ਅਤੇ ਅਦਾਲਤੀ ਗਵਾਹੀਆਂ ਦੀਆਂ ਮੁਸ਼ਕਲਾਂ ਵੀ ਸਾਂਝੀਆਂ ਕੀਤੀਆਂ।

ਵਾਪਰਿਆ ਦਰਦਨਾਕ ਸੜਕ ਹਾਦਸਾ: 2 ਲੋਕਾਂ ਦੀ ਮੌਤ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਛੱਤੀਸਗੜ੍ਹ ਦੇ ਕੋਰਬਾ ਜ਼ਿਲ੍ਹੇ ਵਿੱਚ ਬੁੱਧਵਾਰ ਸਵੇਰੇ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ। ਕੁਸਮੁੰਡਾ ਇਲਾਕੇ ਵਿੱਚ ਗੇਵਰਾ-ਟਿਪਰ ਰੂਟ ‘ਤੇ ਇੱਕ ਸਕੂਟਰ ਅਤੇ ਮੋਟਰਸਾਈਕਲ ਦੀ ਟੱਕਰ ਹੋ ਗਈ, ਜਿਸ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਅਨੁਸਾਰ, ਟੱਕਰ ਕਾਰਨ ਦੋਵੇਂ ਵਾਹਨ ਸਵਾਰ ਸੜਕ ‘ਤੇ ਡਿੱਗ ਗਏ ਅਤੇ ਉੱਥੋਂ ਲੰਘ ਰਹੇ ਇੱਕ ਟਰੇਲਰ ਟਰੱਕ ਦੀ ਲਪੇਟ ਵਿੱਚ ਆ ਗਏ। ਮੋਟਰਸਾਈਕਲ ਸਵਾਰ ਟਰੇਲਰ ਦੇ ਪਹੀਆਂ ਹੇਠ ਕੁਚਲਿਆ ਗਿਆ, ਜਦਕਿ ਸਕੂਟਰ ‘ਤੇ ਸਵਾਰ ਔਰਤ ਦੀ ਮੌਕੇ ‘ਤੇ ਹੀ ਮੌਤ ਹੋ ਗਈ।

ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਅਤੇ ਸਥਾਨਕ ਲੋਕ ਮੌਕੇ ‘ਤੇ ਇਕੱਠੇ ਹੋ ਗਏ। ਮੁੱਢਲੀ ਜਾਣਕਾਰੀ ਅਨੁਸਾਰ, ਮੁਰੰਮਤ ਦੇ ਕੰਮ ਲਈ ਰੇਲਵੇ



ਅੰਡਰਬ੍ਰਿਜ ਬੰਦ ਹੋਣ ਕਾਰਨ ਟਿਪਰ ਰੂਟ ‘ਤੇ ਆਵਾਜਾਈ ਕਾਫ਼ੀ ਵਧ ਗਈ ਸੀ, ਜਿਸ ਕਾਰਨ ਭਾਰੀ ਵਾਹਨਾਂ ਨੂੰ ਬਦਲਵੇਂ ਰਸਤੇ ਦੀ ਵਰਤੋਂ ਕਰਨ ਲਈ ਮਜਬੂਰ ਹੋਣਾ ਪਿਆ। ਇਸ ਹਾਦਸੇ ਤੋਂ ਬਾਅਦ, ਬਦਲਵੇਂ ਰਸਤੇ ‘ਤੇ ਆਵਾਜਾਈ ਪ੍ਰਬੰਧਨ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਚਿੰਤਾਵਾਂ ਜਤਾਈਆਂ ਜਾ ਰਹੀਆਂ ਹਨ।

ਘਟਨਾ ਦੀ ਸੂਚਨਾ ਮਿਲਦਿਆਂ ਹੀ ਕੁਸਮੁੰਡਾ ਪੁਲਿਸ ਮੌਕੇ ‘ਤੇ ਪਹੁੰਚੀ, ਘਟਨਾ ਸਥਾਨ ਦਾ ਜਾਇਜ਼ਾ ਲਿਆ ਅਤੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ। ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਹੈ ਅਤੇ ਮ੍ਰਿਤਕਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਦੁਖਦਾਈ ਘਟਨਾ ਉੱਤਰ ਪ੍ਰਦੇਸ਼ ਦੇ ਹਟਾ ਕੋਤਵਾਲੀ ਖੇਤਰ ਵਿੱਚ ਥਾਰੂਡੀਹ ਪਿੰਡ ਨੇੜੇ ਐਤਵਾਰ ਦੇਰ ਰਾਤ ਵਾਪਰੇ ਇੱਕ ਹੋਰ ਘਾਤਕ ਸੜਕ ਹਾਦਸੇ ਦੇ ਕੁਝ ਦਿਨਾਂ ਬਾਅਦ ਵਾਪਰੀ ਹੈ। ਉਸ ਹਾਦਸੇ ਵਿੱਚ ਇੱਕ ਵੈਨ ਅਤੇ ਟਰੇਲਰ ਦੀ ਟੱਕਰ ਹੋਣ ਕਾਰਨ ਛੇ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਦੋ ਹੋਰ ਗੰਭੀਰ ਜ਼ਖ਼ਮੀ ਹੋ ਗਏ ਸਨ।

ਟਰੇਸੀ 'ਚ ਗੁਰਦੁਆਰਾ ਸੇਵਾਦਾਰ ਦਾ ਕਤਲ: ਤਿੰਨ ਮੁਲਜ਼ਮਾਂ ਦੀ ਭਾਲ

ਟਰੇਸੀ
ਸਾਂਝੀ ਸੋਚ ਬਿਊਰੋ

ਕੈਲੀਫੋਰਨੀਆ ਦੇ ਟਰੇਸੀ ਸ਼ਹਿਰ ਵਿਚ ਇੱਕ ਸਿੱਖ ਗੁਰਦੁਆਰੇ ਦੇ ਸੇਵਾਦਾਰ ਅਵਤਾਰ ਸਿੰਘ ਨੂੰ ਅਗਵਾ ਕਰਕੇ ਕਤਲ ਕਰਨ ਦੇ ਮਾਮਲੇ ਵਿਚ ਤਿੰਨ ਵਿਅਕਤੀਆਂ ਖ਼ਿਲਾਫ਼ ਦੋਸ਼ ਲਾਏ ਗਏ ਹਨ। ਪੁਲਿਸ ਮੁਤਾਬਕ, ਇਹ ਗਲਤ ਪਛਾਣ ਦਾ ਮਾਮਲਾ ਸੀ। ਅਵਤਾਰ ਸਿੰਘ ਇਸ ਘਟਨਾ ਦਾ ਨਿਸ਼ਾਨਾ ਨਹੀਂ ਸਨ। 57 ਸਾਲਾ ਅਵਤਾਰ ਸਿੰਘ ਨੂੰ 17 ਫਰਵਰੀ ਨੂੰ ਟਰੇਸੀ ਦੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਤੋਂ ਅਗਵਾ ਕੀਤਾ ਗਿਆ ਸੀ। ਜਾਂਚਕਰਤਾਵਾਂ ਮੁਤਾਬਕ, ਤਿੰਨ ਵਿਅਕਤੀ ਉਨ੍ਹਾਂ ਨੂੰ ਇੱਕ ਚਿੱਟੀ ਐੱਸ.ਯੂ.ਵੀ. ਵਿਚ ਲੈ ਗਏ। ਤਿੰਨ ਦਿਨ ਬਾਅਦ ਉਨ੍ਹਾਂ ਦੀ ਲਾਸ਼ ਲੇਕ ਬੈਰੀਐਸਾ ਨੇੜੇ ਮਿਲੀ, ਜੋ ਟਰੇਸੀ ਤੋਂ ਲਗਭਗ 100 ਮੀਲ ਦੂਰ ਹੈ। ਸ਼ੈਰਿਫ਼ ਦਫ਼ਤਰ ਦਾ ਕਹਿਣਾ ਹੈ ਕਿ ਮੁਲਜ਼ਮ ਇੱਕ ਅਜਿਹੇ ਵਿਅਕਤੀ ਨੂੰ ਲੱਭ ਰਹੇ ਸਨ, ਜਿਸ ਉੱਤੇ ਕਾਰਗੋ ਟ੍ਰੇਲਰ ਚੋਰੀ ਕਰਨ ਦਾ ਸ਼ੱਕ ਸੀ। ਪਰ ਜਿਸ ਵਿਅਕਤੀ ਨੂੰ ਉਹ ਲੱਭ ਰਹੇ ਸਨ, ਉਹ ਉਸ ਸਮੇਂ ਕੈਨੇਡਾ ਵਿਚ ਸੀ। ਜਾਂਚਕਰਤਾਵਾਂ ਮੁਤਾਬਕ, ਮੁਲਜ਼ਮਾਂ ਨੇ ਗਲਤੀ ਨਾਲ ਅਵਤਾਰ ਸਿੰਘ ਨੂੰ ਉਹ ਵਿਅਕਤੀ ਸਮਝ ਲਿਆ। ਅਵਤਾਰ ਸਿੰਘ ਦਾ ਇਸ ਟ੍ਰੇਲਰ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਅਲਬਰਟੋ ਅਲੈਂਕਾਸਟ੍ਰੋ, ਅਲਫੋਂਸੋ ਸੇਗੁਰਾ ਅਰੇਲਾਨੋ ਅਤੇ ਬਰਨਾਬੇ ਸੇਗੁਰਾ ਅਰੇਲਾਨੋ ਉੱਤੇ ਕਤਲ ਅਤੇ ਅਗਵਾ ਦੇ ਦੋਸ਼ ਹਨ। ਅਧਿਕਾਰੀਆਂ ਮੁਤਾਬਕ, ਤਿੰਨੇ ਹਾਲੇ ਫ਼ਰਾਰ ਹਨ ਅਤੇ ਉਨ੍ਹਾਂ ਨੂੰ ਹਥਿਆਰਬੰਦ ਤੇ ਖ਼ਤਰਨਾਕ ਮੰਨਿਆ ਜਾ ਰਿਹਾ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਕੋਲ ਜਾਣ ਜਾਂ ਖੁਦ ਫੜਨ ਦੀ ਕੋਸ ਨਾ ਕਰਨ। ਕਿਸੇ ਕੋਲ ਜਾਣਕਾਰੀ ਹੋਵੇ ਤਾਂ ਉਹ ਸ਼ੈਰਿਫ਼ ਦਫ਼ਤਰ ਨਾਲ ਸੰਪਰਕ ਕਰੇ। ਅਵਤਾਰ ਸਿੰਘ 20 ਸਾਲ ਤੋਂ



ਵੱਧ ਸਮੇਂ ਤੋਂ ਗੁਰਦੁਆਰੇ ਵਿਚ ਸੇਵਾ ਕਰ ਰਹੇ ਸਨ। ਉਹ ਲੰਗਰ ਤਿਆਰ ਕਰਨ ਅਤੇ ਗੁਰਦੁਆਰੇ ਦੇ ਕੰਮਾਂ ਵਿਚ ਮਦਦ ਕਰਨ ਲਈ ਜਾਣੇ ਜਾਂਦੇ ਸਨ। ਉਨ੍ਹਾਂ ਦੇ ਪਿੱਛੇ ਪਤਨੀ ਅਤੇ ਤਿੰਨ ਛੋਟੇ ਬੱਚੇ ਰਹਿ ਗਏ ਹਨ।

ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...

TAKE CONTROL OF YOUR HEALTH!

PRIVATE, AFFORDABLE, & CONVENIENT

8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

NO INSURANCE? NO PROBLEM!

WALK-INS WELCOME



ANYLABTEST NOW

ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

WHOLE HOME SOLAR & BATTERY
STARTING AT $25,000

For a standard 5kW Solar & 14kWh Battery system

Roof or main panel upgrades not included



Clear & Up-Front Pricing

High-Efficiency Components

Permits and Utility Approvals Included

Protect Existing NEM 2.0
(Via Non-Export Configuration)

CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

Gillson
TRUCKING INC

NOW HIRING
TRUCK DRIVERS
CLASS A CDL



- Signing Bonus
- Top pay
- Mileage Pay
- Great Benefits
- Over the Road or Local Routes
- Reefers and Dry Van Operations
- No touch freight



SKILLS

- Responsible truck driver.
- Experience with electronic equipment.
- Ability to travel regularly.
- Adaptivity and foresight to handle unexpected situations (traffic, weather conditions and roads, etc.)

RESPONSIBILITIES

- Safely operating assigned vehicles.
- The Vehicles are maintained and serviced as needed.
- Report any vehicle defects for repair.
- Make safety a priority at all times.
- Comply with standard federal laws and with company. policies and procedures.

PAY

- Average pay: $0.45-$0.60 cents/mile
- Weekly direct deposits
- Bonuses for clean inspections
- High mileage bonuses

NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS- STOCKTON,. CA AND DAYTON, OHIO

Flexible Home Time
Pet Friendly
Rider Policy

SCAN QR CODE FOR
APPLY NOW

HEALTH BENEFITS
Health
Dental
Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

ਦੀਵਾਲੀ ਦੇ ਬਾਜ਼ਾਰਾਂ ਵਿੱਚ ਚਮਕਦੀ ਮਹਿਲਾਵਾਂ ਦੀ ਆਰਥਿਕ ਸ਼ਕਤੀ

ਦੀਵਾਲੀ ਰੌਸ਼ਨੀਆਂ, ਖੁਸ਼ੀਆਂ ਅਤੇ ਖੁਸ਼ਹਾਲੀ ਦਾ ਤਿਉਹਾਰ ਹੈ। ਹਰ ਸਾਲ ਇਸ ਮੌਕੇ ਬਾਜ਼ਾਰ ਰੰਗ-ਬਿਰੰਗੀਆਂ ਸਜਾਵਟਾਂ, ਰਵਾਇਤੀ ਦੀਵਿਆਂ, ਮਿਠਾਈਆਂ, ਕੱਪੜਿਆਂ ਅਤੇ ਤੋਹਫ਼ਿਆਂ ਨਾਲ ਜਗਮਗਾ ਉੱਠਦੇ ਹਨ। ਇਸ ਤਿਉਹਾਰੀ ਰੌਣਕ ਦੇ ਪਿੱਛੇ ਮਹਿਲਾਵਾਂ ਦੇ ਆਰਥਿਕ ਸਸ਼ਕਤੀਕਰਨ ਦੀ ਇੱਕ ਪ੍ਰੇਰਨਾਦਾਇਕ ਕਹਾਣੀ ਵੀ ਸਾਹਮਣੇ ਆ ਰਹੀ ਹੈ। ਮਹਿਲਾ ਉੱਦਮੀ, ਸਵੈ-ਸਹਾਇਤਾ ਸਮੂਹ ਅਤੇ ਛੋਟੇ ਕਾਰੋਬਾਰ ਕਰਨ ਵਾਲੀਆਂ ਔਰਤਾਂ ਤਿਉਹਾਰਾਂ ਦੇ ਇਸ ਮੌਕੇ ਦੀ ਵਰਤੋਂ ਆਪਣੀ ਆਰਥਿਕ ਸੁਤੰਤਰਤਾ ਵਧਾਉਣ ਅਤੇ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਕਰ ਰਹੀਆਂ ਹਨ।

ਸ਼ਹਿਰਾਂ ਅਤੇ ਪਿੰਡਾਂ ਵਿੱਚ ਬਹੁਤ ਸਾਰੀਆਂ ਔਰਤਾਂ ਹੱਥਾਂ ਨਾਲ ਬਣਾਈਆਂ ਮੋਮਬੱਤੀਆਂ, ਮਿੱਟੀ ਦੇ ਦੀਵੇ, ਸਜਾਵਟੀ ਵਸਤਾਂ, ਰੰਗੋਲੀ ਦਾ ਸਮਾਨ, ਰਵਾਇਤੀ ਮਿਠਾਈਆਂ, ਕਢਾਈ ਵਾਲੇ ਕੱਪੜੇ, ਗਹਿਣੇ ਅਤੇ ਤੋਹਫ਼ਿਆਂ ਦੇ ਪੈਕੇਟ ਤਿਆਰ ਕਰਕੇ ਵੇਚਦੀਆਂ ਹਨ। ਉਨ੍ਹਾਂ ਦੀ ਰਚਨਾਤਮਕਤਾ, ਮਿਹਨਤ ਅਤੇ ਕਾਰੋਬਾਰੀ ਹੁਨਰ ਦੀਵਾਲੀ ਦੇ ਬਾਜ਼ਾਰਾਂ ਨੂੰ ਆਮਦਨ ਕਮਾਉਣ ਦੇ ਮਹੱਤਵਪੂਰਨ ਮੌਕਿਆਂ ਵਿੱਚ ਬਦਲ ਦਿੰਦੇ ਹਨ।

ਬਹੁਤ ਸਾਰੀਆਂ ਔਰਤਾਂ ਲਈ ਤਿਉਹਾਰਾਂ ਦੌਰਾਨ ਹੋਣ ਵਾਲੀ ਵਿਕਰੀ ਸਿਰਫ਼ ਇੱਕ ਅਸਥਾਈ ਕਾਰੋਬਾਰੀ ਗਤੀਵਿਧੀ ਨਹੀਂ ਹੈ। ਇਹ ਉਨ੍ਹਾਂ ਨੂੰ ਘਰੇਲੂ ਖਰਚਿਆਂ ਵਿੱਚ ਯੋਗਦਾਨ ਪਾਉਣ, ਬੱਚਿਆਂ ਦੀ ਪੜ੍ਹਾਈ ਵਿੱਚ ਸਹਾਇਤਾ ਕਰਨ, ਪਰਿਵਾਰਕ ਲੋੜਾਂ ਪੂਰੀਆਂ ਕਰਨ ਅਤੇ ਆਰਥਿਕ ਸੁਰੱਖਿਆ ਬਣਾਉਣ ਦਾ ਮੌਕਾ ਦਿੰਦੀ ਹੈ। ਛੋਟੀ ਜਿਹੀ ਕਮਾਈ ਵੀ ਔਰਤਾਂ ਦੇ ਆਤਮ-ਵਿਸ਼ਵਾਸ, ਸਵੈ-ਮਾਣ ਅਤੇ ਪਰਿਵਾਰ ਵਿੱਚ ਫ਼ੈਸਲੇ ਲੈਣ ਦੀ ਸਮਰੱਥਾ ਨੂੰ ਵਧਾ ਸਕਦੀ ਹੈ।

ਇਸ ਬਦਲਾਅ ਵਿੱਚ ਸਵੈ-ਸਹਾਇਤਾ ਸਮੂਹਾਂ ਦੀ ਅਹਿਮ ਭੂਮਿਕਾ ਹੈ। ਇਕੱਠੇ ਮਿਲ ਕੇ ਕੰਮ ਕਰਨ ਨਾਲ ਔਰਤਾਂ ਕੱਚਾ ਮਾਲ ਖਰੀਦ ਸਕਦੀਆਂ ਹਨ, ਆਪਣੇ ਹੁਨਰ ਸਾਂਝੇ ਕਰ ਸਕਦੀਆਂ ਹਨ, ਨਵੇਂ ਉਤਪਾਦ ਤਿਆਰ ਕਰ ਸਕਦੀਆਂ ਹਨ ਅਤੇ ਵੱਧ ਗਾਹਕਾਂ ਤੱਕ ਪਹੁੰਚ ਸਕਦੀਆਂ ਹਨ। ਸਰਕਾਰੀ ਯੋਜਨਾਵਾਂ, ਸਥਾਨਕ ਸੰਸਥਾਵਾਂ ਅਤੇ ਡਿਜੀਟਲ ਮੰਚ ਉਨ੍ਹਾਂ ਨੂੰ ਸਿਖਲਾਈ, ਵਿੱਤੀ ਸਹਾਇਤਾ ਅਤੇ ਮਾਰਕੀਟਿੰਗ ਦੇ ਬਿਹਤਰ ਮੌਕੇ ਪ੍ਰਦਾਨ ਕਰ ਸਕਦੇ ਹਨ।

ਸੋਸ਼ਲ ਮੀਡੀਆ ਅਤੇ ਆਨਲਾਈਨ ਬਾਜ਼ਾਰਾਂ ਨੇ ਵੀ ਔਰਤਾਂ ਲਈ ਨਵੇਂ ਰਾਹ ਖੋਲ੍ਹੇ ਹਨ। ਹੁਣ ਉਹ ਵਟਸਐਪ, ਫੇਸਬੁੱਕ ਅਤੇ ਹੋਰ ਡਿਜੀਟਲ ਮਾਧਿਅਮਾਂ ਰਾਹੀਂ ਆਪਣੇ ਉਤਪਾਦਾਂ ਦਾ ਪ੍ਰਚਾਰ ਕਰ ਸਕਦੀਆਂ ਹਨ ਅਤੇ ਆਪਣੇ ਇਲਾਕੇ ਤੋਂ ਬਾਹਰ ਵੀ ਗਾਹਕਾਂ ਤੱਕ ਪਹੁੰਚ ਸਕਦੀਆਂ ਹਨ। ਡਿਜੀਟਲ ਭੁਗਤਾਨ ਨੇ ਲੈਣ-ਦੇਣ ਨੂੰ ਆਸਾਨ ਬਣਾਇਆ ਹੈ ਅਤੇ ਛੋਟੇ ਕਾਰੋਬਾਰਾਂ ਨੂੰ ਵਧੇਰੇ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਮਦਦ ਕੀਤੀ ਹੈ।

ਖਪਤਕਾਰਾਂ ਦੀ ਵੀ ਇਸ ਦਿਸ਼ਾ ਵਿੱਚ ਮਹੱਤਵਪੂਰਨ ਭੂਮਿਕਾ ਹੈ। ਮਹਿਲਾ ਉੱਦਮੀਆਂ ਤੋਂ ਹੱਥਾਂ ਨਾਲ ਬਣੀਆਂ ਵਸਤਾਂ, ਸਥਾਨਕ ਸਜਾਵਟੀ ਸਮਾਨ ਅਤੇ ਰਵਾਇਤੀ ਉਤਪਾਦ ਖਰੀਦਣਾ ਉਨ੍ਹਾਂ ਦੀ ਰੋਜ਼ੀ-ਰੋਟੀ ਨੂੰ ਸਿੱਧਾ ਸਹਿਯੋਗ ਦਿੰਦਾ ਹੈ। ਵੱਡੇ ਪੱਧਰ 'ਤੇ ਤਿਆਰ ਕੀਤੀਆਂ ਵਸਤਾਂ ਦੀ ਬਜਾਏ ਸਥਾਨਕ ਉਤਪਾਦਾਂ ਨੂੰ ਤਰਜੀਹ ਦੇਣ ਨਾਲ ਰਵਾਇਤੀ ਦਸਤਕਾਰੀ ਨੂੰ ਉਤਸ਼ਾਹ ਮਿਲਦਾ ਹੈ ਅਤੇ ਸਥਾਨਕ ਅਰਥਵਿਵਸਥਾ ਮਜ਼ਬੂਤ ਹੁੰਦੀ ਹੈ।

ਹਾਲਾਂਕਿ, ਮਹਿਲਾ ਉੱਦਮੀਆਂ ਨੂੰ ਅਜੇ ਵੀ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਵਿੱਚ ਪੂੰਜੀ ਦੀ ਘਾਟ, ਮਾਰਕੀਟਿੰਗ ਸਹੂਲਤਾਂ ਦੀ ਕਮੀ, ਵੱਡੇ ਕਾਰੋਬਾਰਾਂ ਨਾਲ ਮੁਕਾਬਲਾ ਅਤੇ ਘਰੇਲੂ ਜ਼ਿੰਮੇਵਾਰੀਆਂ ਦੇ ਨਾਲ ਕਾਰੋਬਾਰ ਦਾ ਸੰਤੁਲਨ ਬਣਾਈ ਰੱਖਣ ਦੀ ਮੁਸ਼ਕਲ ਸ਼ਾਮਲ ਹੈ। ਉਨ੍ਹਾਂ ਨੂੰ ਸਸਤੇ ਕਰਜ਼ਿਆਂ, ਹੁਨਰ ਵਿਕਾਸ, ਕਾਰੋਬਾਰੀ ਮਾਰਗਦਰਸ਼ਨ, ਡਿਜੀਟਲ ਸਾਖਰਤਾ ਅਤੇ ਸੁਚੱਜੀਆਂ ਮੰਡੀ ਸਹੂਲਤਾਂ ਦੀ ਲੋੜ ਹੈ।

ਦੀਵਾਲੀ ਸਿਰਫ਼ ਘਰਾਂ ਵਿੱਚ ਦੀਵੇ ਜਗਾਉਣ ਅਤੇ ਤੋਹਫ਼ਿਆਂ ਦਾ ਆਦਾਨ-ਪ੍ਰਦਾਨ ਕਰਨ ਤੱਕ ਸੀਮਿਤ ਨਹੀਂ ਰਹਿਣੀ ਚਾਹੀਦੀ। ਇਹ ਬਰਾਬਰੀ, ਆਰਥਿਕ ਆਜ਼ਾਦੀ ਅਤੇ ਨਵੇਂ ਮੌਕਿਆਂ ਦੀ ਰੌਸ਼ਨੀ ਫੈਲਾਉਣ ਦਾ ਮੌਕਾ ਵੀ ਬਣਨਾ ਚਾਹੀਦਾ ਹੈ। ਪਰਿਵਾਰਾਂ ਨੂੰ ਔਰਤਾਂ ਦੇ ਕਾਰੋਬਾਰੀ ਵਿਚਾਰਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਸਮਾਜ ਨੂੰ ਆਰਥਿਕ ਵਿਕਾਸ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਕਦਰ ਕਰਨੀ ਚਾਹੀਦੀ ਹੈ।

ਦੀਵਾਲੀ ਦੀ ਅਸਲ ਭਾਵਨਾ ਸਿਰਫ਼ ਦੀਵਿਆਂ ਦੀ ਚਮਕ ਵਿੱਚ ਨਹੀਂ, ਸਗੋਂ ਲੋਕਾਂ ਦੇ ਜੀਵਨ ਵਿੱਚ ਆਉਣ ਵਾਲੀਆਂ ਖੁਸ਼ੀਆਂ ਅਤੇ ਖੁਸ਼ਹਾਲੀ ਵਿੱਚ ਵੱਸਦੀ ਹੈ। ਜਦੋਂ ਔਰਤਾਂ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਦੀਆਂ ਹਨ ਤਾਂ ਪਰਿਵਾਰ ਮਜ਼ਬੂਤ ਹੁੰਦੇ ਹਨ, ਬੱਚਿਆਂ ਨੂੰ ਬਿਹਤਰ ਮੌਕੇ ਮਿਲਦੇ ਹਨ ਅਤੇ ਸਮਾਜ ਤਰੱਕੀ ਵੱਲ ਵਧਦਾ ਹੈ।

ਇਸ ਦੀਵਾਲੀ ਆਓ, ਔਰਤਾਂ ਦੀ ਪ੍ਰਤਿਭਾ, ਮਿਹਨਤ ਅਤੇ ਉੱਦਮੀ ਸੋਚ ਦਾ ਸਨਮਾਨ ਕਰੀਏ ਅਤੇ ਉਨ੍ਹਾਂ ਦੇ ਉਤਪਾਦਾਂ ਤੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰੀਏ। ਔਰਤਾਂ ਨੂੰ ਆਰਥਿਕ ਤੌਰ 'ਤੇ ਸਸ਼ਕਤ ਬਣਾਉਣਾ ਸਿਰਫ਼ ਵਿਅਕਤੀਆਂ ਦੀ ਮਦਦ ਕਰਨਾ ਨਹੀਂ, ਸਗੋਂ ਪਰਿਵਾਰਾਂ ਨੂੰ ਮਜ਼ਬੂਤ ਕਰਨ, ਸਮਾਜ ਨੂੰ ਬਦਲਣ ਅਤੇ ਇੱਕ ਖੁਸ਼ਹਾਲ ਰਾਸ਼ਟਰ ਦੇ ਨਿਰਮਾਣ ਵੱਲ ਮਹੱਤਵਪੂਰਨ ਕਦਮ ਚੁੱਕਣਾ ਹੈ।



SERVPRO
OF TRACY
Cleaning. Restoration. Construction.

ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ

ਅਸੀਂ Insurance Companies ਦੇ National Account 'ਤੇ ਹਾਂ

ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ

Before



After













- ਪਾਣੀ ਨਾਲ ਨੁਕਸਾਨ ਦੀ ਮੁਰੰਮਤ
- ਕਾਰਪੇਟ ਅਤੇ ਫਰਨੀਚਰ ਸੁਕਾਉਣਾ
- ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
- Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ

Before



After



ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ

2275 N Mac Arthur Dr Tracy, CA 95376

CONTACT FOR MORE INFORMATION

DEEPINDER MAHAL
President

Office (209) 834-0200
Cell (408) 963-7702

Pal Films Production

All Your Photo/Videography & Post Production needs Under One Roof







Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....



(925) 489-3400, (341) 356-1517

palfilms925@gmail.com www.thepalfilms.com

ATWAL
IMMIGRATION SERVICES

ATWAL
TAX & IMMIGRATION
— SERVICES —

- FAMILY PETITIONS
- NATURALIZATION (US CITIZENSHIP)
- GREEN CARD RENEW
- WORK PERMIT RENEW
- AFFIDAVIT OF SUPPORT
- INDIAN AND US PASSPORT RENEW
- INDIAN VISA
- OCI
- E-VISA
- INDIAN PASSPORT SURRENDER

ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ



TONY
ATWAL

ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com

ਜਾਂ ਫ਼ਿਰ ਸਾਡੀ WEBSITE
www.atwaltaximmigrationservices.com



ADDRESS 1
119 N Maple Ave, Ste B,Manteca, CA,95336 Manteca
(209) 505-6384

ADDRESS 2
2800 Mitchell Rd,Ste.W,Ceres ,CA 95307, Ceres
(209) 568-9682

ਤਮਾਸ਼ਾ



ਪਿੰਡ ਦੇ ਚੌਕ ਵਿੱਚ ਹਰ ਰੋਜ਼ ਇੱਕ ਤਮਾਸ਼ਾ ਲੱਗਦਾ ਸੀ। ਤਮਾਸ਼ਾ ਕਿਸੇ ਮਦਾਰੀ ਦਾ ਨਹੀਂ, ਕਿਸੇ ਜਾਦੂਗਰ ਦਾ ਨਹੀਂ, ਸਗੋਂ ਇੱਕ ਬਜ਼ੁਰਗ ਦਾ ਸੀ, ਜੋ ਸਵੇਰ ਤੋਂ ਸ਼ਾਮ ਤੱਕ ਸੜਕ ਵੱਲ ਮੂੰਹ ਕਰਕੇ ਬੈਠਾ ਰਹਿੰਦਾ ਸੀ।

ਉਸ ਦੀਆਂ ਅੱਖਾਂ ਵਿੱਚ ਇੱਕੋ ਸਵਾਲ ਹੁੰਦਾ ਸੀ—ਮੇਰਾ ਪੁੱਤਰ ਕਦੋਂ ਆਵੇਗਾ?

ਪਿੰਡ ਦੇ ਲੋਕ ਉਸ ਨੂੰ ‘ਉਡੀਕ ਵਾਲਾ ਬਾਬਾ’ ਕਹਿ ਕੇ ਬੁਲਾਉਂਦੇ ਸਨ। ਕੋਈ ਉਸ ਨੂੰ ਚਾਹ ਪਿਲਾ ਦਿੰਦਾ, ਕੋਈ ਦੋ ਪੈਸੇ ਦੇ ਦਿੰਦਾ, ਪਰ ਬਹੁਤੇ ਲੋਕ ਉਸ ਦੇ ਕੋਲੋਂ ਲੰਘਦਿਆਂ ਮਜ਼ਾਕ ਕਰਦੇ।

“ਬਾਬਾ ਜੀ, ਅੱਜ ਤਾਂ ਤੁਹਾਡਾ ਪੁੱਤਰ ਪੱਕਾ ਆਵੇਗਾ!”

ਬਜ਼ੁਰਗ ਦੇ ਚਿਹਰੇ ’ਤੇ ਮੁਸਕਾਨ ਆ ਜਾਂਦੀ।

“ਹਾਂ ਪੁੱਤ, ਅੱਜ ਤਾਂ ਜ਼ਰੂਰ ਆਵੇਗਾ।”

ਲੋਕ ਹੱਸਦੇ ਹੋਏ ਅੱਗੇ ਲੰਘ ਜਾਂਦੇ।

ਕਈਆਂ ਨੇ ਤਾਂ ਉਸ ਦੀਆਂ ਵੀਡੀਓਜ਼ ਬਣਾਉਣੀਆਂ ਵੀ ਸ਼ੁਰੂ ਕਰ ਦਿੱਤੀਆਂ ਸਨ। ਕਿਸੇ ਨੇ ਉਸ ਦੇ ਹੱਸਣ ਦੀ ਵੀਡੀਓ ਪਾਈ, ਕਿਸੇ ਨੇ ਰੋਣ ਦੀ। ਵੀਡੀਓਜ਼ ’ਤੇ ਲੋਕਾਂ ਦੇ ਹਾਸੇ ਵਾਲੇ ਇਮੋਜੀ ਆਉਂਦੇ, ਟਿੱਪਣੀਆਂ ਹੁੰਦੀਆਂ ਅਤੇ ਵੇਖਣ ਵਾਲਿਆਂ ਦੀ ਗਿਣਤੀ ਵਧਦੀ ਜਾਂਦੀ।

ਪਰ ਕਿਸੇ ਨੇ ਇਹ ਜਾਣਨ ਦੀ ਕੋਸ਼ਿਸ਼ ਨਾ ਕੀਤੀ ਕਿ ਉਸ ਬਜ਼ੁਰਗ ਦੀਆਂ ਅੱਖਾਂ ਹਰ ਸ਼ਾਮ ਖਾਲੀ ਕਿਉਂ ਹੋ ਜਾਂਦੀਆਂ ਸਨ।

ਪਿੰਡ ਵਿੱਚ ਰਹਿਣ ਵਾਲਾ ਇੱਕ ਨੌਜਵਾਨ, ਅਮਨ, ਹਰ ਰੋਜ਼ ਉਸ ਬਜ਼ੁਰਗ ਨੂੰ ਦੇਖਦਾ ਸੀ। ਇੱਕ ਦਿਨ ਉਸ ਨੇ ਹਿੰਮਤ ਕਰਕੇ ਪੁੱਛਿਆ, “ਬਾਬਾ ਜੀ, ਤੁਹਾਡਾ ਪੁੱਤਰ ਕਿੰਨੇ ਸਾਲਾਂ ਤੋਂ ਨਹੀਂ ਆਇਆ?”

ਬਜ਼ੁਰਗ ਨੇ ਦੂਰ ਜਾਂਦੀ ਸੜਕ ਵੱਲ ਦੇਖਿਆ।

“ਸੱਤ ਸਾਲ ਹੋ ਗਏ ਪੁੱਤ। ਜਦੋਂ ਗਿਆ ਸੀ, ਕਹਿੰਦਾ ਸੀ ਕਿ ਪੈਸੇ ਕਮਾ ਕੇ ਵਾਪਸ ਆਵਾਂਗਾ। ਮੈਂ ਕਿਹਾ ਸੀ, ਪੁੱਤ, ਪੈਸੇ ਥੋੜ੍ਹੇ ਘੱਟ ਕਮਾ ਲਈਂ, ਪਰ ਮਿਲਣ ਜ਼ਰੂਰ ਆਈਂ।”

ਉਸ ਦੀ ਆਵਾਜ਼ ਕੰਬ ਗਈ।

“ਪਰ ਸ਼ਾਇਦ ਸ਼ਹਿਰ ਵਿੱਚ ਪੈਸੇ ਕਮਾਉਣੇ ਸੌਖੇ ਹਨ, ਘਰ ਮੁੜਨਾ ਔਖਾ।”

ਅਮਨ ਕੋਲ ਕੋਈ ਜਵਾਬ ਨਹੀਂ ਸੀ।

ਉਸ ਦਿਨ ਤੋਂ ਉਹ ਹਰ ਸ਼ਾਮ ਬਜ਼ੁਰਗ ਕੋਲ ਬੈਠਣ ਲੱਗ ਪਿਆ। ਕਦੇ ਦੋਵੇਂ ਚਾਹ ਪੀਂਦੇ, ਕਦੇ ਪੁਰਾਣੀਆਂ ਗੱਲਾਂ ਕਰਦੇ। ਬਜ਼ੁਰਗ ਆਪਣੇ ਪੁੱਤਰ ਦੇ ਬਚਪਨ ਦੀਆਂ ਕਹਾਣੀਆਂ ਸੁਣਾਉਂਦਾ ਅਤੇ ਅਮਨ ਚੁੱਪਚਾਪ ਸੁਣਦਾ ਰਹਿੰਦਾ।

ਇੱਕ ਦਿਨ ਅਮਨ ਨੇ ਪੁੱਛਿਆ, “ਬਾਬਾ ਜੀ, ਜੇ ਉਹ ਕਦੇ ਨਾ ਆਇਆ ਤਾਂ?”

ਬਜ਼ੁਰਗ ਨੇ ਉਸ ਦੇ ਸਿਰ ’ਤੇ ਹੱਥ ਰੱਖਿਆ।

“ਪੁੱਤ, ਪਿਓ ਦੀ ਉਡੀਕ ਮੁੱਕ ਸਕਦੀ ਹੈ, ਪਰ ਪੁੱਤ ਲਈ ਪਿਆਰ ਨਹੀਂ ਮੁੱਕਦਾ।”

ਸਮਾਂ ਲੰਘਦਾ ਗਿਆ।

ਫਿਰ ਇੱਕ ਦਿਨ ਪਿੰਡ ਵਿੱਚ ਖ਼ਬਰ ਫੈਲ ਗਈ ਕਿ ਬਜ਼ੁਰਗ ਦੀ ਮੌਤ ਹੋ ਗਈ ਹੈ।

ਚੌਕ, ਜਿੱਥੇ ਕਦੇ ਉਸ ਦੇ ਦੁੱਖ ’ਤੇ ਹਾਸੇ ਗੂੰਜਦੇ ਸਨ, ਅੱਜ ਲੋਕਾਂ ਨਾਲ ਭਰ ਗਿਆ। ਕਿਸੇ ਦੇ ਹੱਥ ਵਿੱਚ ਫੁੱਲ ਸਨ, ਕਿਸੇ ਦੇ ਹੱਥ ਵਿੱਚ ਮੋਬਾਈਲ।

ਕੁਝ ਲੋਕ ਦੁੱਖ ਸਾਂਝਾ ਕਰਨ ਆਏ ਸਨ, ਪਰ ਕਈਆਂ ਦੇ ਕੈਮਰੇ ਪਹਿਲਾਂ ਹੀ ਚਾਲੂ ਸਨ।

“ਲਾਈਵ ਹੋ ਜਾਓ! ਅੱਜ ਪੂਰਾ ਪਿੰਡ ਆਇਆ ਹੋਇਆ ਹੈ।”

ਅਮਨ ਨੇ ਇਹ ਸਭ ਦੇਖਿਆ ਤਾਂ ਉਸ ਦਾ ਮਨ ਭਰ ਆਇਆ।

ਉਸੇ ਵੇਲੇ ਇੱਕ ਮਹਿੰਗੀ ਕਾਰ ਆ ਕੇ ਰੁਕੀ।

ਉਸ ਵਿੱਚੋਂ ਇੱਕ ਨੌਜਵਾਨ ਉਤਰਿਆ। ਉਸ ਨੇ ਬਜ਼ੁਰਗ ਦੀ ਲਾਸ਼ ਦੇਖੀ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।

“ਬਾਪੂ!”

ਉਹ ਲਾਸ਼ ਦੇ ਕੋਲ ਬੈਠ ਕੇ ਬੱਚਿਆਂ ਵਾਂਗ ਰੋਣ ਲੱਗ ਪਿਆ।

ਉਹੀ ਪੁੱਤਰ ਸੀ, ਜਿਸ ਦੀ ਉਡੀਕ ਕਰਦਿਆਂ ਬਜ਼ੁਰਗ ਨੇ ਸੱਤ ਸਾਲ ਬਿਤਾਏ ਸਨ।

ਉਹ ਆਪਣੇ ਪਿਤਾ ਨੂੰ ਮਿਲਣ ਲਈ ਉਸ ਦਿਨ ਆਇਆ ਸੀ, ਜਿਸ ਦਿਨ ਪਿਤਾ ਉਸ ਨੂੰ ਮਿਲਣ ਲਈ ਦੁਨੀਆ ਵਿੱਚ ਮੌਜੂਦ ਹੀ ਨਹੀਂ ਸੀ।

ਅਮਨ ਨੇ ਉਸ ਨੂੰ ਪੁੱਛਿਆ, “ਵੀਰੇ, ਹੁਣ ਆਏ ਹੋ? ਬਾਬਾ ਜੀ ਹਰ ਰੋਜ਼ ਤੁਹਾਡੀ ਉਡੀਕ ਕਰਦੇ ਸਨ।”

ਪੁੱਤਰ ਨੇ ਰੋਂਦਿਆਂ ਕਿਹਾ, “ਮੈਂ ਸੋਚਿਆ ਸੀ ਕਿ ਪਹਿਲਾਂ ਘਰ ਬਣਾ ਲਵਾਂ, ਫਿਰ ਬਾਪੂ ਨੂੰ ਆਪਣੇ ਨਾਲ ਲੈ ਜਾਵਾਂਗਾ। ਪੈਸੇ ਕਮਾਉਣ ਵਿੱਚ ਪਤਾ ਹੀ ਨਹੀਂ ਲੱਗਿਆ ਕਿ ਸਮਾਂ ਕਦੋਂ ਲੰਘ ਗਿਆ।”

ਉਸ ਨੇ ਆਪਣੇ ਪਿਤਾ ਦਾ ਹੱਥ ਫੜਿਆ।

“ਬਾਪੂ, ਘਰ ਵੀ ਬਣਾ ਲਿਆ... ਪੈਸੇ ਵੀ ਕਮਾ ਲਏ... ਪਰ ਹੁਣ ਕਿਸ ਨੂੰ ਦਿਖਾਵਾਂ?”

ਉੱਥੇ ਖੜ੍ਹੇ ਲੋਕਾਂ ਦੀਆਂ ਅੱਖਾਂ ਨਮ ਹੋ ਗਈਆਂ।

ਪਰ ਕੁਝ ਲੋਕ ਅਜੇ ਵੀ ਵੀਡੀਓ ਬਣਾ ਰਹੇ ਸਨ।

ਅਚਾਨਕ ਪੁੱਤਰ ਖੜ੍ਹਾ ਹੋਇਆ ਅਤੇ ਭੀੜ ਵੱਲ ਦੇਖ ਕੇ ਬੋਲਿਆ:

“ਜਦੋਂ ਮੇਰਾ ਬਾਪੂ ਜਿਉਂਦਾ ਸੀ, ਤੁਸੀਂ ਉਸ ਦੇ ਦੁੱਖ ’ਤੇ ਹੱਸਦੇ ਰਹੇ। ਅੱਜ ਉਹ ਮਰ ਗਿਆ ਤਾਂ ਉਸ ਦੇ ਦੁੱਖ ਨੂੰ ਦੁਨੀਆ ਨੂੰ ਦਿਖਾ ਰਹੇ ਹੋ। ਫ਼ਰਕ ਸਿਰਫ਼ ਇੰਨਾ ਹੈ ਕਿ ਪਹਿਲਾਂ ਤੁਸੀਂ ਉਸ ਨੂੰ ਦੇਖ ਕੇ ਹੱਸਦੇ ਸੀ, ਅੱਜ ਉਸ ਨੂੰ ਦੇਖ ਕੇ ਹਮਦਰਦੀ ਜਤਾ ਰਹੇ ਹੋ। ਪਰ ਤੁਹਾਡੇ ਵਿੱਚੋਂ ਕਿੰਨੇ ਲੋਕਾਂ ਨੇ ਕਦੇ ਉਸ ਕੋਲ ਬੈਠ ਕੇ ਉਸ ਦਾ ਹਾਲ ਪੁੱਛਿਆ ਸੀ?”

ਕੋਈ ਜਵਾਬ ਨਾ ਆਇਆ।

ਉਸ ਨੇ ਫਿਰ ਕਿਹਾ, “ਮੈਂ ਆਪਣੇ ਪਿਓ ਨੂੰ ਸਮਾਂ ਨਹੀਂ ਦਿੱਤਾ। ਇਹ ਮੇਰੀ ਸਭ ਤੋਂ ਵੱਡੀ ਗ਼ਲਤੀ ਹੈ। ਪਰ ਤੁਸੀਂ ਲੋਕਾਂ ਨੇ ਉਸ ਦੇ ਦੁੱਖ ਨੂੰ ਮਨੋਰੰਜਨ ਬਣਾ ਦਿੱਤਾ। ਕੀ ਤੁਹਾਨੂੰ ਕਦੇ ਆਪਣੇ ਆਪ ’ਤੇ ਸ਼ਰਮ ਨਹੀਂ ਆਈ?”

ਭੀੜ ਵਿੱਚ ਖੜ੍ਹੇ ਲੋਕਾਂ ਨੇ ਆਪਣੀਆਂ ਨਜ਼ਰਾਂ ਝੁਕਾ ਲਈਆਂ।

ਅਮਨ ਨੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ, “ਵੀਰੇ, ਹੁਣ ਇਹ ਗੱਲਾਂ ਕਰਨ ਦਾ ਕੀ ਫ਼ਾਇਦਾ? ਬਾਬਾ ਜੀ ਤਾਂ ਚਲੇ ਗਏ।”

ਪੁੱਤਰ ਨੇ ਆਪਣੇ ਪਿਤਾ ਦੀ ਤਸਵੀਰ ਚੁੱਕੀ ਅਤੇ ਘਰ ਵੱਲ ਤੁਰ ਪਿਆ।

ਲੋਕ ਹੌਲੀ-ਹੌਲੀ ਖਿੰਡਣ ਲੱਗੇ।

ਕੁਝ ਦੇਰ ਬਾਅਦ ਅਮਨ ਨੇ ਦੇਖਿਆ ਕਿ ਇੱਕ ਆਦਮੀ ਆਪਣੀ ਬਣਾਈ ਹੋਈ ਵੀਡੀਓ ਨੂੰ ਧਿਆਨ ਨਾਲ ਦੇਖ ਰਿਹਾ ਸੀ।

ਉਸ ਨੇ ਆਪਣੇ ਸਾਥੀ ਨੂੰ ਕਿਹਾ, “ਯਾਰ, ਅੱਜ ਤਾਂ ਵੀਡੀਓ ਬਹੁਤ ਵਧੀਆ ਬਣੀ ਹੈ। ਲੱਖਾਂ ਵਿਊਜ਼ ਆਉਣਗੇ!”

ਅਮਨ ਨੇ ਉਸ ਦੇ ਹੱਥੋਂ ਮੋਬਾਈਲ ਖੋਹਣ ਦੀ ਬਜਾਏ ਸਿਰਫ਼ ਇੱਕ ਸਵਾਲ ਪੁੱਛਿਆ:

“ਜੇ ਕੱਲ੍ਹ ਤੇਰੇ ਪਿਓ ਦੀ ਵਾਰੀ ਆ ਗਈ, ਤਾਂ ਤੂੰ ਵੀ ਉਸ ਦਾ ਤਮਾਸ਼ਾ ਬਣਾਵੇਂਗਾ?”

ਉਸ ਆਦਮੀ ਦੇ ਚਿਹਰੇ ਦਾ ਰੰਗ ਉੱਡ ਗਿਆ।

ਉਸ ਨੇ ਵੀਡੀਓ ਡਿਲੀਟ ਕਰ ਦਿੱਤੀ।

ਅਮਨ ਚੌਕ ਦੇ ਵਿਚਕਾਰ ਖੜ੍ਹਾ ਸੀ। ਉਸ ਨੇ ਚਾਰੇ ਪਾਸੇ ਦੇਖਿਆ। ਉਹੀ ਚੌਕ, ਉਹੀ ਲੋਕ, ਉਹੀ ਸੜਕ।

ਫ਼ਰਕ ਸਿਰਫ਼ ਇੰਨਾ ਸੀ ਕਿ ਅੱਜ ਤਮਾਸ਼ਾ ਦਿਖਾਉਣ ਵਾਲਾ ਕੋਈ ਨਹੀਂ ਸੀ।

ਪਰ ਤਮਾਸ਼ਾ ਦੇਖਣ ਵਾਲੇ ਅਜੇ ਵੀ ਉੱਥੇ ਹੀ ਸਨ।

ਅਮਨ ਨੇ ਮਨ ਹੀ ਮਨ ਕਿਹਾ

“ਤਮਾਸ਼ਾ ਤਾਂ ਬਾਬੇ ਦਾ ਕਦੇ ਸੀ ਹੀ ਨਹੀਂ... ਤਮਾਸ਼ਾ ਤਾਂ ਸਾਡੀ ਇਨਸਾਨੀਅਤ ਦਾ ਸੀ।”





SUNSHINE AUTO CARE INC

WE REPAIR ALL"

AUTO • DIESEL TRUCKS • TRAILERS

All Makes & Models



FULL SERVICE AUTO & DIESEL REPAIR

- Engine Diagnostics
- Brake Service
- Suspension & Steering
- Diesel Truck Repair
- Trailer Repair

Reliable • Professional • Fast Service

1003 MOFFAT BLVD.• MANTECA, CA 95336

209-239-1551

Arrested ?
DUI ?
Drug Charges ?
Gun Violation ?

Ghuman Law Group

Get the Legal Defence you Deserve.



Why Choose Us?

- ✓ Trusted Legal Experts
- ✓ Personalized Strategies
- ✓ Proven Track Record

Criminal Defence Law

- DUI / DWI Defense
- Drug Charges
- Domestic Violence Defense
- Assault & Battery Defense
- Theft / Fraud / Financial Crimes
- Probation Violations

Contact Us

info@ghumanlawgroup.com
ghumanlawgroup.org
+1 228-200-0001

INDERJIT S. TOOR
CONSTRUCTION INC.



INDERJIT S. TOOR
CONSTRUCTION INC.
LIC# 842324

ਕੀ ਤੁਸੀਂ ਨਵਾਂ ਘਰ ਜਾਂ ਵਪਾਰਕ ਇਮਾਰਤ
ਬਣਾਉਣ ਦੀ ਯੋਜਨਾ ਬਣਾ ਰਹੇ ਹੋ ?

ਹੋਟਲ | ਅਪਾਰਟਮੈਂਟ | ਡਾਕਟਰਾਂ ਦੇ ਦਫ਼ਤਰ
ਅਤੇ ਗੈਸ ਸਟੇਸ਼ਨਾਂ ਦੇ ਨਿਰਮਾਣ ਕਾਰਜਾਂ ਲਈ
INDERJIT S. TOOR
Construction
ਨਾਲ ਸੰਪਰਕ ਕਰੋ।

Location : Northern California

ਤੁਹਾਡੀ ਸਮੱਸਿਆ, ਸਾਡਾ ਹੱਲ !

HARINDER S. TOOR CEO | (209) 404-4063

htoor@toorinc.com | www.ToorInc.com

2351 Tenaya Dr. Ste D, Modesto, CA 95354



ਬਰਜਿੰਦਰ ਕੌਰ ਬਿਸਰਾਓ
99889-01324

ਮੈਨੀਫੈਸਟੋ ਵਿੱਚ ਮੁਫ਼ਤਖੋਰੀ ਸਕੀਮਾਂ ਦੀ ਨਹੀਂ, ਵਿਕਾਸ ਦੀ ਗੱਲ ਹੋਵੇ

ਲੋਕਤੰਤਰ ਵਿੱਚ ਚੋਣ ਮੈਨੀਫੈਸਟੋ ਕਿਸੇ ਵੀ ਰਾਜਨੀਤਿਕ ਪਾਰਟੀ ਦਾ ਉਹ ਦਸਤਾਵੇਜ਼ ਹੁੰਦਾ ਹੈ ਜਿਸ ਰਾਹੀਂ ਉਹ ਲੋਕਾਂ ਨਾਲ ਆਪਣੇ ਵਾਅਦੇ ਅਤੇ ਭਵਿੱਖ ਦੀਆਂ ਯੋਜਨਾਵਾਂ ਸਾਂਝੀਆਂ ਕਰਦੀ ਹੈ। ਇਹ ਇੱਕ ਚੋਣ ਮਨੋਰਥ ਪੱਤਰ ਹੁੰਦਾ ਹੈ ਜੋ ਸਾਰੀਆਂ ਰਾਜਨੀਤਕ ਪਾਰਟੀਆਂ ਵੱਲੋਂ ਲੋਕਾਂ ਸਾਹਮਣੇ ਇੱਕ ਇਕਰਾਰਨਾਮੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਨੂੰ ਵੋਟਾਂ ਤੋਂ ਪਹਿਲਾਂ ਜਨਤਕ ਕਰਕੇ ਦੱਸਿਆ ਜਾਂਦਾ ਹੈ ਕਿ ਕਿਹੜੀ ਸਿਆਸੀ ਪਾਰਟੀ ਵੱਲੋਂ ਉਨ੍ਹਾਂ ਨਾਲ ਕੀ ਵਾਅਦੇ ਕੀਤੇ ਜਾ ਰਹੇ ਹਨ। ਇਹ ਸਿਰਫ਼ ਚੋਣ ਜਿੱਤਣ ਦਾ ਸਾਧਨ ਨਹੀਂ, ਸਗੋਂ ਦੇਸ਼ ਅਤੇ ਸਮਾਜ ਦੀ ਤਰੱਕੀ ਦਾ ਰੋਡਮੈਪ ਵੀ ਹੋਣਾ ਚਾਹੀਦਾ ਹੈ। ਪਰ ਬਦਕਿਸਮਤੀ ਨਾਲ ਸਾਡੇ ਦੇਸ਼ ਦੀਆਂ ਰਾਜਸੀ ਪਾਰਟੀਆਂ ਸਿਰਫ਼ ਇਸ ਨੂੰ ਚੋਣ ਜਿੱਤਣ ਦਾ ਇੱਕ ਜ਼ਰੀਆ ਮੰਨ ਕੇ ਹੀ ਚੱਲਦੀਆਂ ਹਨ।

ਪਿਛਲੇ ਕੁਝ ਸਾਲਾਂ ਤੋਂ ਇਹ ਰੁਝਾਨ ਵੱਧਦਾ ਜਾ ਰਿਹਾ ਹੈ ਕਿ ਮੈਨੀਫੈਸਟੋ ਵਿੱਚ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਨਕਦ ਰਕਮ ਜਾਂ ਹੋਰ ਮੁਫ਼ਤ ਸਹੂਲਤਾਂ ਦੇ ਵਾਅਦਿਆਂ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ। ਇਸ ਕਾਰਨ ਵਿਕਾਸ ਦੇ ਅਸਲ ਮੁੱਦੇ ਪਿੱਛੇ ਰਹਿ ਜਾਂਦੇ ਹਨ। ਕਿਸੇ ਵੀ ਦੇਸ਼ ਜਾਂ ਰਾਜ ਦੀ ਤਰੱਕੀ ਮੁਫ਼ਤਖੋਰੀ ਨਾਲ ਨਹੀਂ, ਸਗੋਂ ਮਜ਼ਬੂਤ ਬੁਨਿਆਦੀ ਢਾਂਚੇ, ਉੱਚ ਪੱਧਰੀ ਸਿੱਖਿਆ, ਬਿਹਤਰ ਸਿਹਤ ਸੇਵਾਵਾਂ, ਰੁਜ਼ਗਾਰ ਦੇ ਮੌਕੇ, ਉਦਯੋਗਾਂ ਦੇ ਵਿਕਾਸ ਅਤੇ ਖੇਤੀਬਾੜੀ ਦੀ ਤਰੱਕੀ ਨਾਲ ਹੁੰਦੀ ਹੈ। ਜੇਕਰ ਸਰਕਾਰਾਂ ਲੋਕਾਂ ਨੂੰ ਸਵੈ-ਨਿਰਭਰ ਬਣਾਉਣ ਦੀ ਥਾਂ ਮੁਫ਼ਤ ਸਹੂਲਤਾਂ ਦੀ ਆਦਤ ਪਾ ਦੇਣ, ਤਾਂ ਇਹ ਲੰਬੇ ਸਮੇਂ ਲਈ ਨਾ ਆਰਥਿਕ ਤੌਰ 'ਤੇ ਠੀਕ ਹੈ ਅਤੇ ਨਾ ਹੀ ਸਮਾਜਿਕ ਤੌਰ 'ਤੇ।

ਚੋਣ ਮੈਨੀਫੈਸਟੋ ਵਿੱਚ ਅਜਿਹੀਆਂ ਯੋਜਨਾਵਾਂ ਨੂੰ ਪ੍ਰਮੁੱਖਤਾ ਮਿਲਣੀ ਚਾਹੀਦੀ ਹੈ ਜੋ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ, ਕਿਸਾਨਾਂ ਦੀ ਆਮਦਨ ਵਧਾਉਣ, ਛੋਟੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ, ਔਰਤਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਅਤੇ ਪਿੰਡਾਂ ਤੇ ਸ਼ਹਿਰਾਂ ਦੇ ਸੰਤੁਲਿਤ ਵਿਕਾਸ ਨੂੰ ਯਕੀਨੀ ਬਣਾਉਣ। ਜਦੋਂ ਲੋਕਾਂ ਨੂੰ ਰੁਜ਼ਗਾਰ ਅਤੇ ਮੌਕੇ ਮਿਲਣਗੇ ਤਾਂ ਉਹ ਆਪਣੀਆਂ ਲੋੜਾਂ ਖ਼ੁਦ ਪੂਰੀਆਂ ਕਰਨ ਦੇ ਯੋਗ ਹੋ ਸਕਣਗੇ। ਇਸ ਦਾ ਮਤਲਬ ਇਹ ਨਹੀਂ ਕਿ ਸਮਾਜ ਦੇ ਗਰੀਬ ਅਤੇ ਲੋੜਵੰਦ ਵਰਗ ਲਈ ਸਰਕਾਰੀ ਸਹਾਇਤਾ ਖ਼ਤਮ ਕਰ ਦਿੱਤੀ ਜਾਵੇ ਪਰ ਉਹ ਸੀਮਤ ਹੋਣੀ ਚਾਹੀਦੀ ਹੈ ਨਾ ਕਿ ਰਿਉੜੀਆਂ ਵੰਡਣ ਵਾਲੀ ਘਟੀਆ ਨੀਤੀ। ਸਮਾਜਿਕ ਸੁਰੱਖਿਆ ਯੋਜਨਾਵਾਂ ਦੀ ਆਪਣੀ ਮਹੱਤਤਾ ਹੈ, ਪਰ ਉਹ ਅਸਲ ਲਾਭਪਾਤਰੀਆਂ ਤੱਕ ਸੀਮਿਤ ਅਤੇ ਪਾਰਦਰਸ਼ੀ ਢੰਗ ਨਾਲ ਪਹੁੰਚਣੀਆਂ ਚਾਹੀਦੀਆਂ ਹਨ। ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਸਹਾਰਾ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਵੀ ਹੋਣਾ ਚਾਹੀਦਾ ਹੈ।

ਅੱਜ ਦੇ ਸਮੇਂ ਵਿੱਚ ਵੋਟਰਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਿਰਫ਼ ਮੁਫ਼ਤ ਸਹੂਲਤਾਂ ਦੇ ਵਾਅਦਿਆਂ ਤੋਂ ਪ੍ਰਭਾਵਿਤ ਨਾ ਹੋਣ, ਸਗੋਂ ਇਹ ਵੇਖਣ ਕਿ ਕਿਹੜੀ ਪਾਰਟੀ ਸਿੱਖਿਆ, ਸਿਹਤ, ਰੁਜ਼ਗਾਰ, ਵਾਤਾਵਰਣ, ਉਦਯੋਗ, ਖੇਤੀ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਠੋਸ ਅਤੇ ਵਿਹਾਰਕ ਯੋਜਨਾਵਾਂ ਪੇਸ਼ ਕਰ ਰਹੀ ਹੈ। ਜਾਗਰੂਕ ਵੋਟਰ ਹੀ ਸਿਹਤਮੰਦ ਲੋਕਤੰਤਰ ਦੀ ਨੀਂਹ ਹੁੰਦੇ ਹਨ। ਚੋਣ ਮੈਨੀਫੈਸਟੋ ਦਾ ਕੇਂਦਰ ਮੁਫ਼ਤਖੋਰੀ ਨਹੀਂ, ਸਗੋਂ ਵਿਕਾਸ, ਸਵੈ-ਨਿਰਭਰਤਾ ਅਤੇ ਸੁਸ਼ਾਸਨ ਹੋਣਾ ਚਾਹੀਦਾ ਹੈ। ਜਿਹੜੀਆਂ ਨੀਤੀਆਂ ਲੋਕਾਂ ਨੂੰ ਸਮਰੱਥ ਬਣਾਉਂਦੀਆਂ ਹਨ, ਉਹੀ ਦੇਸ਼ ਨੂੰ ਅੱਗੇ ਲੈ ਕੇ ਜਾਂਦੀਆਂ ਹਨ। ਚੋਣੀ ਵਾਅਦੇ ਅਜਿਹੇ ਹੋਣ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਮਜ਼ਬੂਤ, ਖੁਸ਼ਹਾਲ ਅਤੇ ਵਿਕਸਤ ਸਮਾਜ ਦੀ ਨੀਂਹ ਰੱਖ ਸਕਣ।

ਦੂਜੀ ਗੱਲ ਧਿਆਨ ਦੇਣ ਯੋਗ ਇਹ ਹੈ ਕਿ ਚੋਣ ਮੈਨੀਫੈਸਟੋ ਨੂੰ ਇੱਕ ਕਾਨੂੰਨੀ ਦਸਤਾਵੇਜ਼ ਬਣਾਉਣ ਦੀ ਗੱਲ ਕਈ ਵਾਰ ਕੀਤੀ ਜਾ ਚੁੱਕੀ ਹੈ ਪਰ ਕਾਮਯਾਬੀ ਕਦੇ ਹਾਸਿਲ ਨਹੀਂ ਹੋਈ ਹੈ। ਮੈਨੀਫੈਸਟੋ ਬਾਰੇ ਸੁਪਰੀਮ ਕੋਰਟ ਤੱਕ ਮਾਮਲੇ ਜਾ ਚੁੱਕੇ ਹਨ। ਪਰ ਕੋਰਟ ਵੱਲੋਂ ਇਸ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ ਤੋਂ ਸਾਫ਼ ਇਨਕਾਰ ਕੀਤਾ ਗਿਆ ਹੈ। ਅਦਾਲਤ ਦਾ ਕਹਿਣਾ ਹੈ ਕਿ ਮੈਨੀਫੈਸਟੋ ਲਈ ਕੋਈ ਕਾਨੂੰਨ ਨਹੀਂ ਹੈ, ਇਸ ਲਈ ਇਸ ਦੀਆਂ ਗੱਲਾਂ ਨੂੰ ਕੋਰਟ ਲਾਗੂ ਨਹੀਂ ਕਰਵਾ ਸਕਦਾ ਹੈ। ਇਸ ਦੇ ਨਾਲ ਹੀ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਪੂਰੇ ਕਰਨ ਲਈ ਪੰਜ ਸਾਲ ਦਾ ਵਕਤ ਹੁੰਦਾ ਹੈ। ਅਦਾਲਤ ਲਈ ਇਹ ਮੁਮਕਿਨ ਨਹੀਂ ਹੈ ਕਿ ਉਹ ਇਹ ਤੈਅ ਕਰ ਸਕੇ ਕਿ ਪੰਜ ਸਾਲਾਂ ਵਿੱਚ ਕਿਸ ਕੰਮ ਲਈ ਕਿੰਨਾ ਵਕਤ ਚਾਹੀਦਾ ਹੈ।

ਮੈਨੀਫੈਸਟੋ ਸਬੰਧੀ ਕਾਨੂੰਨ ਨਾ ਹੋਣ ਕਰਕੇ ਹੀ ਸਿਆਸੀ ਪਾਰਟੀਆਂ ਵਿੱਚ ਇੱਕ ਦੂਜੇ ਨਾਲ਼ ਮੁਕਾਬਲਾ ਚੱਲਦਾ ਰਹਿੰਦਾ ਹੈ ਕਿ ਕੌਣ ਕਿੰਨੇ ਵਾਅਦੇ ਕਰਦਾ ਹੈ ਅਤੇ ਹੋਰ ਪਾਰਟੀ ਉਸ ਤੋਂ ਵਧ ਕੇ ਵਾਅਦੇ ਕਰੇਗੀ। ਇਹ ਸਾਡੀ ਦੇਸ਼ ਦੀ ਰਾਜਨੀਤੀ ਦਾ ਇੱਕ ਬਹੁਤ ਹੀ ਕੋਝਾ ਮਜ਼ਾਕ ਹੈ ਕਿ ਲੀਡਰ ਇਹ ਦੱਸਣ ਦੀ ਬਜਾਏ ਕਿ ਆਮ ਲੋਕਾਂ ਦੀਆਂ ਮੁਸ਼ਕਲਾਂ ਕਿਵੇਂ ਦੂਰ ਕੀਤੀਆਂ ਜਾਣਗੀਆਂ, ਉਹ ਅਜਿਹੇ ਮਨੋਰਥ ਪੱਤਰਾਂ ਰਾਹੀਂ ਲੌਲੀਪਾਪ ਦਿਖਾ ਕੇ ਲਾਲਚ ਦਿੰਦੀਆਂ ਹਨ। ਕਦੇ ਇਹਨਾਂ ਸਿਆਸੀ ਪਾਰਟੀਆਂ ਵੱਲੋਂ ਲੋਕਾਂ ਕੋਲੋਂ ਨਹੀਂ ਪੁੱਛਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਕਿਸ ਖੇਤਰ ਵਿੱਚ ਸੁਧਾਰ ਲਿਆ ਕੇ ਉਨ੍ਹਾਂ ਦੀ ਸਰਬਪੱਖੀ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਕੰਮ ਕੀਤੇ ਜਾਣੇ ਚਾਹੀਦੇ ਹਨ।

ਕਿਸੇ ਸਿਆਸੀ ਪਾਰਟੀ ਦੇ ਮੈਨੀਫੈਸਟੋ ਉੱਤੇ ਭਰੋਸਾ ਉਸਦੀ ਲਿਖਤੀ ਅਤੇ ਮਨ ਲੁਭਾਉਣੇ ਅਹਿਦਾਂ ਤੋਂ ਨਹੀਂ ਬਲਕਿ ਉਸ ਵਿੱਚ ਦਰਜ ਸਕੀਮਾਂ ਜਾਂ ਕੰਮਾਂ ਦੀ ਸੂਚੀ ਦੀ ਪੂਰਤੀ ਅਤੇ ਪੂਰਤੀ ਦੇ ਢੰਗ ਦੇ ਪੱਖੋਂ ਮੰਨਣਾ ਚਾਹੀਦਾ ਹੈ। ਜੇ ਸਰਕਾਰਾਂ ਨੇ ਮੈਨੀਫੈਸਟੋ ਵਿੱਚ ਦਿੱਤੇ ਭਰੋਸਿਆਂ ਨੂੰ ਲਾਗੂ ਨਹੀਂ ਕਰਨਾ ਹੁੰਦਾ ਤਾਂ ਉਸ ਦਾ ਫਾਇਦਾ ਕੀ ਹੈ। ਕੀ ਇਹ ਆਮ ਜਨਤਾ ਨੂੰ ਬੇਵਕੂਫ਼ ਬਣਾਉਣ ਦਾ ਇੱਕ ਜ਼ਰੀਆ ਹੀ ਮੰਨ ਲਿਆ ਜਾਵੇ ? ਸਾਡੇ ਦੇਸ਼ ਵਿੱਚ ਇਸ ਸਬੰਧੀ ਜ਼ਰੂਰੀ ਕੋਈ ਨਾ ਕੋਈ ਕਾਰਵਾਈ ਹੋਣੀ ਚਾਹੀਦੀ ਹੈ।

ਹਰੇਕ ਵਾਅਦੇ ਦੇ ਨਾਲ ਉਸ ਦੀ ਸਮੇਂ ਸੀਮਾ ਵੀ ਨਿਸ਼ਚਿਤ ਕਰਵਾਉਣੀ ਚਾਹੀਦੀ ਹੈ ਕਿ ਕਿੰਨੀ ਦੇਰ ਦੇ ਅੰਦਰ ਇਹ ਵਾਅਦਾ ਪੂਰਾ ਹੋਵੇਗਾ। ਜੇ ਆਮ ਵਿਅਕਤੀ ਵੱਲੋਂ ਦੂਜੇ ਵਿਅਕਤੀ ਨੂੰ ਛੋਟੇ ਮੋਟੇ ਲੈਣ ਦੇਣ ਤੇ ਗਰੰਟੀ ਕਾਗਜ਼ ਤੇ ਕਾਨੂੰਨੀ ਕਾਰਵਾਈ ਹੋ ਸਕਦੀ ਹੈ ਤਾਂ ਸਰਕਾਰ ਬਣਾਉਣ ਜਾ ਰਹੀ ਪਾਰਟੀ ਵੱਲੋਂ ਦਿੱਤੇ ਇਸ ਚੋਣ ਮਨੋਰਥ ਪੱਤਰ ਤੇ ਕਾਰਵਾਈ ਕਿਉਂ ਨਹੀਂ ਹੋ ਸਕਦੀ?

ਸੋ ਵੋਟਰੋ ਇਹ ਤੁਹਾਡੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਤੁਸੀਂ ਸਿਰਫ਼ ਮੁਫ਼ਤ ਸਹੂਲਤਾਂ ਦੇ ਵਾਅਦਿਆਂ ਤੋਂ ਪ੍ਰਭਾਵਿਤ ਨਾ ਹੋ ਕੇ ਇਸ ਗੱਲ ਵੱਲ ਧਿਆਨ ਦਿਓ ਕਿ ਕਿਹੜੀ ਪਾਰਟੀ ਸਿੱਖਿਆ, ਸਿਹਤ, ਰੁਜ਼ਗਾਰ, ਵਾਤਾਵਰਣ, ਉਦਯੋਗ, ਖੇਤੀ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਠੋਸ ਅਤੇ ਵਿਹਾਰਕ ਯੋਜਨਾਵਾਂ ਪੇਸ਼ ਕਰ ਰਹੀ ਹੈ। ਵੋਟਰਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ ਕਿਉਂਕਿ ਜਾਗਰੂਕ ਵੋਟਰ ਹੀ ਸਿਹਤਮੰਦ ਲੋਕਤੰਤਰ ਦੀ ਨੀਂਹ ਹੁੰਦੇ ਹਨ।



ਡਰਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ
Traki ਨਾਲ.

ਕਾਗਜ਼ ਸੰਭਾਲੋ
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

ਇਨਵੌਇਸ ਬਣਾਓ
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

ਕਮਾਈ ਵਧਾਓ
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

ਅੱਜ ਹੀ ਸ਼ੁਰੂ ਕਰੋ!

3 ਦਿਨ ਦਾ ਮੁਫ਼ਤ TRIAL ਮਿਲੇਗਾ!

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

ਟਾਈਮ ਬਚਾਓ
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

ਗਲਤੀ ਘੱਟ
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

ਆਫਲਾਈਨ ਕੰਮ
ਇੰਟਰਨੈੱਟ ਬਿਜ਼ਾਂ ਵੀ ਸਭ ਕੁਝ ਚੱਲਦਾ.

ਸਭ ਕੁਝ ਇੱਕ ਜਗ੍ਹਾ
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.

ਪਬਲਿਕ ਹਿਤ ਵਿੱਚ ਸੂਚਨਾ

ਮੈਂ **ਗੁਰਦੀਪ ਸਿੰਘ ਸੰਧੂ** ਜਿਵੇਂ ਕਿ ਤੁਸੀਂ ਜਾਣਦੇ ਹੋ 1973 ਤੋਂ ਹੋਮਿਓਪੈਥਿਕ/ਆਯੁਰਵੈਦਿਕ ਦੀ ਪ੍ਰੈਕਟਿਸ ਕਰ ਰਿਹਾ ਹਾਂ ਇਸ ਪੰਜ ਦਹਾਕਿਆਂ ਤੋਂ ਵੱਧ ਦੇ ਸਮੇਂ ਵਿਚ ਮੈਡੀਕਲ ਕਾਲਜਾਂ ਵਿਚ ਪ੍ਰੋ. ਪ੍ਰਿੰਸੀਪਲ ਤੇ ਚੀਫ਼ ਮੈਡੀਕਲ ਅਫਸਰ ਦੇ ਤੌਰ ਤੇ ਸੇਵਾਵਾਂ ਦਿੰਦਾ ਰਿਹਾ ਹਾਂ। 1996 ਤੋ ਅਮਰੀਕਾ ਵਿਚ ਵੱਖ-ਵੱਖ ਰੇਡੀਓ, ਟੀ.ਵੀ ਸਟੇਸ਼ਨਾਂ, ਯੂਟਿਊਬ, ਫੇਸਬੁਕ ਤੇ ਵੱਖ-ਵੱਖ ਮੀਡੀਆ ਚੈਨਲਾਂ ਰਾਹੀਂ ਪਬਲਿਕ ਨੂੰ ਜੀਵਨ ਤੋਂ ਜੀਵਨ ਦੀ ਉਤਪਤੀ ਸਰੀਰਕ ਬਣਤਰ, ਵਿਸਥਾਰ, ਸਿਹਤ, ਬਿਮਾਰੀ ਅਤੇ ਇਲਾਜਾਂ ਪ੍ਰਤੀ ਜਾਗਰੂਕ ਕਰਦਾ ਆ ਰਿਹਾਂ। ਅੱਜ ਦੇ ਵਕਤ ਅਮੈਰਿਕਨ ਇਕੌਨਮੀ ਦੀ ਮਾੜੀ ਹਾਲਤ ਹੋਣ ਕਰਕੇ ਐਲਾਨ ਕਰਦਾ ਹਾਂ ਕਿ ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜਦ ਥੱਕ ਗਏ ਹੋ ਕੋਈ ਹਲ ਨਹੀਂ ਦਿਸ ਰਿਹਾ ਤਾਂ ਇਕ ਮੌਕਾ ਹੋਮਿਓਪੈਥਿਕ ਦੇ ਸਿਧਾਂਤਕ ਇਲਾਜ ਲਈ ਮੈਨੂੰ ਦਿਓ ਇਸ ਲਈ ਕਾਲ ਕਰੋ: **408 687 1899**

ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ਼ ਲੈਕਚਰ ਸੁਣਨ ਲਈ ਮੇਰਾ ਫੇਸਬੁਕ ਅਤੇ ਯੂਟਿਊਬ ਚੈਨਲ https://youtube/duhk3caceu, sabrang station.com(radio station) ਰੋਜ਼ਾਨਾ ਕੈਲੇਫੋਰਨੀਆ ਟਾਈਮ ਸ਼ਾਮ ਨੂੰ 5 ਤੋ 6 ਵਜੇ ਤਕ ਸੁਣੋ।

Working under sb577 act of California







ਕਈ ਵੀਰਾਂ ਦੇ

LICENSE CANCEL

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

Green Card ਨਹੀਂ ਹੈ | I-485 Application ਅਜੇ Pending ਹੈ।

Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ
ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ
ਲਈ Legal Guidance



Deportation ਜਾਂ Immigration
Detention Cases ਵਿੱਚ Legal Advice



Appeals ਅਤੇ Immigration
Process ਵਿੱਚ ਸਹਾਇਤਾ



Estate Planning ਰਾਹੀਂ Property
ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ
Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and
Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

ਪ੍ਰਦੂਸ਼ਣ ਰਹਿਤ ਦੀਵਾਲੀ

ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉ।
ਪਟਾਕੇ-ਪਟੂਕੇ ਨਾ ਹੀ ਚਲਾਉ।
ਮਿੱਤਰ ਮੇਲੀ ਕੱਠੇ ਹੋ ਕੇ,
ਜਿੰਨੇ ਲੱਗਦੇ ਰੁੱਖ ਲਗਾਉ।
ਜੋ ਮਠਿਆਈਆਂ ਮਿਲਣ ਬਜਾਰੋਂ,
ਜ਼ਹਿਰਾਂ ਭਰੀਆਂ,ਨਾ ਹੀ ਖਾਉ।
ਲਾਈਟਾਂ ਵੀ ਨਾ ਬਾਲੋ ਬਹੁਤੀਆਂ,
ਘਿਉ ਤੇ ਤੇਲ ਦੇ ਦੀਵੇ ਜਗਾਉ।
ਜੇ ਮਠਿਆਈ ਖਾਣੀ ਹੀ ਹੈ,
ਆਪਣੇ ਘਰ ਵਿੱਚ ਆਪ ਬਣਾਉ।
ਮਾਪਿਆਂ ਦੇ ਨਾਲ ਆਪਣੇ ਘਰ ਦੀ,
ਸਾਫ ਸਫਾਈ ਵੀ ਤੁਸੀਂ ਕਰਾਉ।
ਮਾਪਿਆਂ ਨੂੰ ਬਿਨ ਦੱਸੇ ਬੱਚਿਉ,
ਘਰ ਤੋਂ ਬਾਹਰ ਕਦੇ ਨਾ ਜਾਉ।
ਜਿੰਦਗੀ ਦੇ ਵਿੱਚ ਮਿਹਨਤ ਕਰਕੇ,
ਬੱਚਿਉ ਜੀਵਨ ਸਫਲ ਬਣਾਉ।

SANJHI SOCH
ਜਸਪਾਲ ਸਿੰਘ ਨਾਗਰਾ 'ਮਹਿੰਦ ਪੁਰੀ'
ਯੂਬਾ ਸਿਟੀ ਕੈਲੀਫੋਰਨੀਆ (ਅਮਰੀਕਾ)
ਫੋਨ +13604481989



ਖੁਸ਼ੀਆਂ ਦਾ ਤਿਉਹਾਰ

ਖੁਸ਼ੀਆਂ ਦਾ ਤਿਉਹਾਰ ਦੀਵਾਲੀ ਹੈ ਆਇਆ,
ਇਸ ਨੇ ਬਹੁਤੇ ਲੋਕਾਂ ਨੂੰ ਫਿਕਰਾਂ 'ਚ ਹੈ ਪਾਇਆ।
ਮਾੜੇ ਦਿਨਾਂ ਨੇ ਇਨ੍ਹਾਂ ਨੂੰ ਬੇਰੁਜ਼ਗਾਰ ਹੈ ਕੀਤਾ,
ਉੱਤੋਂ ਸਰਕਾਰਾਂ ਨੇ ਇਨ੍ਹਾਂ ਦਾ ਖੂਨ ਹੈ ਪੀਤਾ।
ਬੱਚੇ ਇਨ੍ਹਾਂ ਦੇ ਮੰਗਣ ਆਤਿਸ਼ਬਾਜ਼ੀਆਂ ਤੇ ਪਟਾਕੇ,
ਮਿੰਨਤਾਂ, ਤਰਲੇ ਕਰਨ ਇਨ੍ਹਾਂ ਕੋਲ ਆ ਕੇ।
ਨਾਲੇ ਮੰਗਣ ਕਲਾ ਕੰਦ, ਰਸ ਗੁੱਲੇ ਤੇ ਬਰਫੀ,
ਉਹ ਵੇਖਣ ਨਾ ਇਨ੍ਹਾਂ ਦੀ ਜੇਬ ਖਾਲੀ।
ਸਾਰੇ ਕੱਠੇ ਹੋ ਕੇ ਬੱਚਿਆਂ ਨੂੰ ਸਮਝਾਓ,
ਧੂੰਏਂ ਤੋਂ ਵਾਤਾਵਰਨ ਦੂਸ਼ਿਤ ਹੋਣ ਤੋਂ ਬਚਾਓ।
ਨਕਲੀ ਮਠਿਆਈਆਂ ਨਾ ਘਰਾਂ 'ਚ ਲਿਆਓ,
ਹਸਪਤਾਲਾਂ 'ਚ ਜਾ ਕੇ ਧੱਕੇ ਖਾਣ ਤੋਂ ਬਚ ਜਾਓ।



SANJHI SOCH
ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN LAW GROUP INC.

GHUMAN LAW GROUP

ਭਰੋਸੇਯੋਗ ਅਤੇ ਤਜਰਬੇਕਾਰ ਵਕੀਲ ਹੀ ਹਮੇਸ਼ਾ
ਤੁਹਾਡੀ ਸਹੀ ਮਦਦ ਕਰ ਸਕਦਾ ਹੈ।



MON - FRI | 9:00 AM-3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

ਸਾਡੀਆਂ ਸੇਵਾਵਾਂ

01 ਜੇ ਕਰ ਤੁਸੀਂ ਕਿਸੇ ਵੀ ਕ੍ਰਿਮਿਨਲ ਕੇਸ ਵਿੱਚ ਫਸੇ ਹੋ।



02 ਜੇ ਕਰ ਤੁਸੀਂ ਆਪਣੇ ਪੁਰਾਣੇ ਕ੍ਰਿਮਿਨਲ ਕੇਸ ਨੂੰ Expunge ਕਰਵਾਉਣਾ ਚਾਹੁੰਦੇ ਹੋ।



03 ਜੇ ਕਰ ਤੁਸੀਂ ਆਪਣੇ Immigration Case ਵਿੱਚ ਕੋਈ Appeal ਲਗਾਉਣੀ ਹੈ।



04 ਜੇ ਕਰ ਤੁਸੀਂ Immigration Case ਵਿੱਚ Bond Hearing ਕਰਵਾਉਣੀ ਹੈ।



ਉੱਪਰ ਲਿਖ਼ੀਆਂ ਸੇਵਾਵਾਂ ਵਿੱਚੋਂ ਕਿਸੇ ਵੀ ਸੇਵਾ ਦੀ ਲੋੜ ਹੈ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਜੇ ਕਰ ਤੁਸੀਂ ਆਪਣੇ ਪੁਰਾਣੇ Criminal Case ਕਰਕੇ USA ਦੀ Citizenship ਲਈ Apply ਨਹੀਂ ਕਰ ਰਹੇ

ਜਾਂ ਤੁਹਾਨੂੰ ਆਪਣਾ Green Card ਖੋਹੇ ਜਾਣ ਦਾ ਡਰ ਹੈ,
ਤਾਂ ਤੁਸੀਂ ਸਾਡੇ ਨਾਲ ਇੱਕ ਵਾਰ ਜ਼ਰੂਰ ਸੰਪਰਕ ਕਰੋ।

MON - FRI | 9:00 AM 3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

Truck Parking Yard



ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ



- ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
- ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
- ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ

Truck Parking - Only $200 Monthly
Bobtail Parking - Only $100 Monthly



ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।



ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ

Harbans Gill (209) 972-0013

1651 EAST Whitmore Ave, Ceres, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

Paul Sahota

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ
ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ



e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।



ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

JK TYRE INC

JK TYRE
TOTAL CONTROL

KTD10-LEAO
Radial Truck Tire (Long Haul)



295/75R22.5
$2600

With Installation
Singh: 510-766-9382

JK JETSTEEL JDH

SPECIAL OFFER !!



DRIVE TIRE
11R22.5-

With Installation
Singh: 510-766-9382

Firestone FS591

SPECIAL OFFER !!

STEER TIRE
295/75R22.5



11R22.5

With Installation
Singh: 510-766-9382

Sizes available in drive & trailer

295/75/22.5
11r/22.5
11r/24.5
255/70/22.5
315/80/22.5
425/65/22.5

JETWAY JTH 1

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

JETWAY JTH SD

SPECIAL OFFER !!



TRAILER TIRE
295/75R22.5-

With Installation
Singh: 510-766-9382

JK JETSTEEL JDL2

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES
GOODYEAR
KELLY TIRES
BARKLEY Feel the difference
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES

S. Singh Cell: (510) 766-9382

2955 N. Wilson Way Stockton , CA 95205

RED CHILLI INDIAN

FOOD TRUCK

ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE

VEG | NON -VEG ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ

BOOK US FOR


WEDDINGS


BIRTHDAY PARTIES


CORPORATE EVENTS


BACKYARD PARTIES

RED CHILLI INDIAN

FOOD TRUCK

ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ





RED CHILLI INDIAN FOOD TRUCK

ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ

DELIVERY Available



Call TO Order : (209) 216-8169

A Kaur 2340 Lander Ave Turlock, CA 95280

CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us



CapitaL DRUG TESTING

CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com

Serving Californians since 1999

Global Green®
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME, BUSINESS, LIFE

510-487-1000

WWW.GGIABA.COM

COVERED CALIFORNIA

Certified INSURANCE AGENT

Free Confidential Help

Call : Gurcharan Singh Mann
CA License

Medicare
Licensed Insurance Agent
CA Lic # 0C70672

CALL TO ENROL

510-557-0061

Buying OR Selling Real Estate Let US HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh Mann
DRE#02321006

web -www.globaldrugtestinginc@gmail.com
email -info@globaltruckpermits.com

ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ

GLOBAL TRUCK PERMITS

GLOBAL TRUCK PERMITS

ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ

ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ

New Company Permits
IRP Plates
Trailer Plates
Truck ELD
DOT Drug Testing



DOT Drug Testing | Compliance Services | Driver Hiring

Driver Files | Safety Audit | Clearing House | Driver Management





“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”

ਰਾਜਿੰਦਰ ਟਾਂਡਾ

ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988

Address: 159 Darcy Pkwy Lathrop, CA 95330

WE HAVE THE CHEAPEST FARES TO INDIA

LEGEND TRAVEL



JATINDER SINGH

arc accredited agency

CST # 207524-40

Special Fares To India
From
West-coast (us) On
Air India Direct Flights



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US **(510) 797-9010**

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA